# ਯਿਸੂ: ਦੇਹ ਵਿਚ ਖ਼ੁਦਾ

## ਰੌਏ ਐਚ. ਲੇਨੀਅਰ ਸੀਨੀਅਰ

ਯਿਸੂ ਨਾਸਰੀ ਪਿਛਲੀਆਂ ਵੀਹ ਸਦੀਆਂ ਤੋਂ ਲੋਕਾਂ ਦੀ ਹੈਰਾਨੀ ਦਾ ਕਾਰਣ ਬਣਿਆ ਹੋਇਆ ਹੈ। ਉਸਦੇ ਦੋਸਤਾਂ ਖ਼ੁਦਾ ਦੇ ਨਿਹਕਲੰਕ ਬੇਟੇ ਅਤੇ ਲੋਕਾਂ ਨੂੰ ਪਾਪਾਂ ਤੋਂ ਛੁਟਕਾਰਾ ਦੁਆਉਣ ਵਾਲੇ ਦੇ ਰੂਪ ਵਿਚ ਉਹਨੂੰ ਪਿਆਰ ਕੀਤਾ ਅਤੇ ਉਸਦੀ ਬੰਦਗੀ ਕੀਤੀ ਹੈ। ਉਸਦੇ ਦੁਸ਼ਮਣਾਂ ਅਤੇ ਬੇਵਿਸ਼ਵਾਸਿਆਂ ਨੇ ਉਸਨੂੰ ਬਦਨਾਮ ਕਰਨ ਦੀਆਂ ਬੇਸ਼ੁਮਾਰ ਕੋਸ਼ਿਸ਼ਾਂ ਕੀਤੀਆਂ ਪਰ ਅਖ਼ੀਰ ਉਨ੍ਹਾਂ ਨੂੰ ਮੰਨਣਾ ਪਿਆ ਕਿ ਉਹ ਹਰ ਪੱਖੋਂ ਮਨੁੱਖ ਤੋਂ ਉੱਪਰ ਸੀ।

ਉਹਦੀ ਜ਼ਿੰਦਗੀ ਵਰਗੀ ਨਾ ਉਸ ਤੋਂ ਪਹਿਲਾਂ ਕਿਸੇ ਦੀ ਜ਼ਿੰਦਗੀ ਹੋਵੇਗੀ ਅਤੇ ਨਾ ਹੀ ਉਸ ਤੋਂ ਬਾਅਦ ਹੋਈ ਹੈ। ਸਿਖਾਉਣ ਦੇ ਉਸਦੇ ਢੰਗ ਅਤੇ ਗੱਲਾਂ ਅੱਜ ਤਕ ਹੋਏ ਸਭ ਲੋਕਾਂ ਨਾਲੋਂ ਉੱਚ ਦਰਜੇ ਦੀਆਂ ਹਨ। ਉਸਦੇ ਕੰਮ ਸਚਮੁਚ ਖ਼ੁਦਾ ਦੇ ਕੰਮ ਸਨ। ਬੇਹੱਦ ਵਿਰੋਧ ਦੇ ਬਾਵਜੂਦ ਉਸਦੇ ਪ੍ਰਭਾਵ ਨੇ ਬਹੁਤ ਲੋਕਾਂ ਦਾ ਭਲਾ ਕੀਤਾ ਹੈ।

ਬੁਰੇ ਅਤੇ ਬੇਵਿਸ਼ਵਾਸੇ ਲੋਕਾਂ ਨੇ ਕਈ ਤਰ੍ਹਾਂ ਨਾਲ ਇਨ੍ਹਾਂ ਤੱਤਾਂ ਨੂੰ ਜਾਣਨ ਦੀ ਕੋਸ਼ਿਸ ਕੀਤੀ ਹੈ, ਪਰ ਇਸਦੀ ਸੰਤੋਸ਼ਜਨਕ ਵਿਆਖਿਆ ਇੱਕੋ ਹੈ। ਇਕਦਮ ਬੇਹਤਰੀਨ ਵਿਆਖਿਆ ਇਕ ਇਸਰਾਏਲੀ ਦੇ ਸ਼ਬਦਾਂ ਵਿਚ ਮਿਲਦੀ ਹੈ, ਜਿਸ ਵਿਚ ਕੋਈ ਸ਼ੱਕ ਨਹੀਂ ਹੈ: ''ਹੇ ਰੱਬੀ, ਤੁਸੀਂ ਪਰਮੇਸ਼ੁਰ ਦੇ ਪੁੱਤਰ ਹੋ'' (ਯੂਹੰਨਾ 1:49ੳ; ਵੇਖੋ ਆਇਤ 47)। ਬਾਈਬਲ ਦੀ ਸਿੱਖਿਆ ਮੁਤਾਬਕ, ਯਿਸੂ ਨਾਸਰੀ ਖ਼ੁਦਾ ਭਾਵ, ਦੇਹ ਵਿਚ ਖ਼ੁਦਾ ਸੀ ਯਾਨੀ ਖ਼ੁਦਾ ਮਨੁੱਖੀ ਰੂਪ ਵਿਚ ਪਰਗਟ ਹੋਇਆ ਸੀ।

## ਨਬੀਆਂ ਨੇ ਕਿਹਾ ਕਿ ਉਹ ਖ਼ੁਦਾ ਸੀ

### ਯਸਾਯਾਹ

ਯਿਸੂ ਦੇ ਜਨਮ ਤੋਂ ਸੈਂਕੜੇ ਸਾਲ ਪਹਿਲਾਂ, ਯਸਾਯਾਹ ਨੇ ਕਿਹਾ ਸੀ ਕਿ ''ਸੁਣੋ ਇਕ ਕੁਆਰੀ ਗਰਭਵਤੀ ਹੋਵੇਗੀ ਅਤੇ ਉਸਦਾ ਨਾਂ ਇਮਾਨੁਏਲ ਰੱਖੇਗੀ'' (ਯਸਾਯਾਹ 7:14)। ਮੱਤੀ ਨੇ ਕਿਹਾ ਸੀ ਇਹ ਨਬੂਵਤ ਯਿਸੂ ਦੇ ਜਨਮ ਨਾਲ ਪੂਰੀ ਹੋ ਗਈ ਸੀ (ਮੱਤੀ 1:22)। ਉਸਨੇ ਸਾਡੇ ਲਈ ''ਇਮਾਨੁਏਲ'' ਸ਼ਬਦ ਦਾ ਅਰਥ ''ਖ਼ੁਦਾ ਸਾਡੇ ਨਾਲ'' ਦੱਸਿਆ ਹੈ (ਮੱਤੀ 1:23)। ਇਸ ਤਰ੍ਹਾਂ ਯਸਾਯਾਹ ਅਤੇ ਮੱਤੀ ਦੇ ਅਨੁਸਾਰ ਯਿਸੂ ''ਖ਼ੁਦਾ ਸਾਡੇ ਨਾਲ'' ਸੀ।

ਫਿਰ ਯਸਾਯਾਹ ਨੇ ਉਸਦੇ ਆਉਣ ਦੀ ਇਨ੍ਹਾਂ ਸ਼ਬਦਾਂ ਵਿਚ ਪੇਸ਼ਨਗੋਈ ਕੀਤੀ ਸੀ:

> ਸਾਡੇ ਲਈ ਇਕ ਬਾਲਕ ਜੰਮਿਆ ਅਤੇ ਸਾਨੂੰ ਇਕ ਪੁੱਤਰ ਬਖ਼ਸ਼ਿਆ ਗਿਆ; ਰਾਜ ਉਸਦੇ ਮੋਢੇ 'ਤੇ ਹੋਵੇਗਾ, ਅਤੇ ਉਸਦਾ ਨਾਮ ਇਉਂ ਸੱਦਿਆ ਜਾਵੇਗਾ, ''ਅਚਰਜ ਸਲਾਹੂ, ਸ਼ਕਤੀਮਾਨ ਪਰਮੇਸ਼ੁਰ, ਅਨਾਦੀ ਪਿਤਾ, ਸ਼ਾਂਤੀ ਦਾ ਰਾਜਕੁਮਾਰ'' (ਯਸਾਯਾਹ 9:6)।

ਇਸ ਵਾਕ ਤੋਂ ਸਾਨੂੰ ਪਤਾ ਲਗਦਾ ਹੈ ਕਿ ਦਾਊਦ ਦੀ ਗੱਦੀ 'ਤੇ ਬੈਠਣ ਵਾਲਾ ''ਪਰਾਕਰਮੀ ਪਰਮੇਸ਼ੁਰ'' ਹੋਣਾ ਸੀ। ਬਿਨਾਂ ਕਿਸੇ ਸ਼ੱਕ ਦੇ ਜਿਬਰਾਈਲ ਫ਼ਰਿਸ਼ਤੇ ਨੇ ਇਹ ਪੇਸ਼ਨਗੋਈ ਦੁਹਰਾਈ ਸੀ, ਜਦ ਉਸਨੇ ਮਰੀਅਮ ਨੂੰ ਦੱਸਿਆ ਕਿ ਉਹ ਪੁੱਤਰ ਜਣੇਗੀ ਅਤੇ ਉਸਦਾ ਨਾਂ ਯਿਸੂ ਰੱਖੇਗੀ (ਲੂਕਾ1:31)। ''ਉਹ ਮਹਾਨ ਹੋਵੇਗਾ, ਅਤੇ ਅੱਤ ਮਹਾਨ ਦਾ ਪੁੱਤਰ ਸਦਾਵੇਗਾ, ਅਤੇ ਪ੍ਰਭੂ ਪਰਮੇਸ਼ੁਰ ਉਹ ਦੇ ਪਿਤਾ ਦਾਊਦ ਦਾ ਤਖ਼ਤ ਉਹ ਨੂੰ ਦੇਵੇਗਾ'' (ਲੂਕਾ 1:32)। ਮਰੀਅਮ ਦੇ ਪੁੱਤਰ ਨੇ ''ਅੱਤ ਪ੍ਰਧਾਨ'' ਦਾ ਪੁੱਤਰ ਸਦਾਉਣਾ ਸੀ ਕਿਉਂਕਿ ਉਹ ਯਸਾਯਾਹ ਦੀ ਪੇਸ਼ਨਗੋਈ ਵਾਲਾ ''ਪਰਾਕਰਮੀ ਪਰਮੇਸ਼ੁਰ'' ਸੀ।

### ਮੀਕਾ

ਮੀਕਾ ਨਬੀ ਨੇ ਕਿਹਾ ਸੀ ਕਿ ''ਹੇ ਬੈਤਲਹਮ ਅਫ਼ਰਾਥਾਹ ਤੂੰ ਜੋ ਯਹੂਦਾਹ ਦੇ ਹਜ਼ਾਰਾਂ ਵਿੱਚੋਂ ਛੋਟਾ ਹੈਂ, ਤੈਥੋਂ ਇਕ ਮੇਰੇ ਲਈ ਨਿੱਕਲੇਗਾ ਜੋ ਇਸਰਾਏਲ ਵਿਚ ਹਾਕਮ ਹੋਵੇਗਾ, ਜਿਸਦਾ ਨਿੱਕਲਣਾ ਪ੍ਰਾਚੀਨ ਸਮੇਂ ਤੋਂ, ਸਗੋਂ ਅਨਾਦਿ ਤੋਂ ਹੈ'' (ਮੀਕਾ 5:2)। ਜਦ ਹੈਰੋਦੇਸ ਬਾਦਸ਼ਾਹ ਨੇ ਪ੍ਰਧਾਨ ਯਾਜਕਾਂ ਅਤੇ ਗ੍ਰੰਥੀਆਂ ਨੂੰ ਪੁੱਛਿਆ ਸੀ ਕਿ ਮਸੀਹ ਦਾ ਜਨਮ ਕਿੱਥੇ ਹੋਵੇਗਾ ਤਾਂ ਉਨ੍ਹਾਂ ਨੇ ਇਹੀ ਪੇਸ਼ਨਗੋਈ ਦੱਸੀ ਸੀ। ਇਸ ਪੇਸ਼ਨਗੋਈ ਦੇ ਕਾਰਣ ਹੈਰੋਦੇਸ ਨੇ ਨਜੂਮੀਆਂ ਨੂੰ ਬੈਤਲਹਮ ਭੇਜਿਆ ਸੀ, ਜਿੱਥੇ ਉਨ੍ਹਾਂ ਨੂੰ ''ਯਹੂਦੀਆਂ ਦਾ ਰਾਜਾ ਜਿਸਦਾ ਜਨਮ ਹੋਇਆ ਸੀ'' (ਮੱਤੀ 2:2-8) ਮਿਲਣਾ ਸੀ। ਮੀਕਾ ਦੇ ਅਨੁਸਾਰ ਯਹੂਦੀਆਂ ਦਾ ਰਾਜਾ ਅਨਾਦੀਕਾਲ ਤੋਂ ਅਨਾਦੀਕਾਲ ਤਕ ਸੀ। ਰਚਨਾ ਲਈ ਇਹ ਗੱਲ ਨਹੀਂ ਆਖੀ ਜਾ ਸਕਦੀ ਭਾਵ ਇਹ ਰਾਜਾ ਸਿਰਫ਼ ਸਿਰਜਣਹਾਰ ਹੀ ਹੋ ਸਕਦਾ ਸੀ। ਇਸ ਤਰ੍ਹਾਂ ਨਬੂਵਤ ਮੁਤਾਬਕ ਉਸ ਨੂੰ ਖ਼ੁਦਾ ਦੇ ਰੂਪ ਵਿਚ ਜਾਣਿਆ ਜਾਣਾ ਸੀ।

## ਯਿਸੂ ਨੇ ਦਾਅਵਾ ਕੀਤਾ ਕਿ ਉਹ ਖ਼ੁਦਾ ਹੈ

### ਯਹੂਦੀਆਂ ਦੀ ਧਾਰਣਾ

ਇਹ ਸਾਬਿਤ ਕਰਨ ਲਈ ਕਿ ਯਿਸੂ ਨੇ ਖ਼ੁਦਾ ਹੋਣ ਦਾ ਦਾਅਵਾ ਕੀਤਾ ਸੀ, ਲਿਖਤ ਵਿੱਚੋਂ ਦੁਹਰਾਉਣ ਤੋਂ ਪਹਿਲਾਂ ਸਾਨੂੰ ਮਸੀਹਾ ਪ੍ਰਤੀ ਯਹੂਦੀਆਂ ਦੇ ਦਿਲਾਂ ਵਿਚ ਪਾਈ ਜਾਣ ਵਾਲੀ ਧਾਰਣਾ ਨੂੰ ਸਮਝ ਲੈਣਾ ਜ਼ਰੂਰੀ ਹੈ। ਇਹ ਵਿਚਾਰ ਉਨ੍ਹਾਂ ਵਿੱਚੋਂ ਇਕ ਟ੍ਰਾਇਫ਼ੋ ਨਾਮਕ ਇਕ ਆਦਮੀ ਨੇ ਜਸਟਿਨ ਮਾਰਿਟਰ ਨਾਲ ਤੈਅ ਕੀਤਾ ਸੀ (110ਈਸਵੀ-165ਈਸਵੀ):

> ... ਇਹ ਮਸੀਹ ਯੁੱਗਾਂ ਤੋਂ ਪਹਿਲਾਂ ਖ਼ੁਦਾ ਦੇ ਨਾਲ ਸੀ, ਫਿਰ ਉਸ ਨੇ ਜਨਮ ਲੈ ਕੇ ਮਨੁੱਖ ਬਣਨ ਲਈ ਆਪਣੇ ਆਪ ਨੂੰ ਦੇ ਦਿੱਤਾ, ਤਾਂ ਵੀ ਉਹ ਮਨੁੱਖ ਦਾ ਮਨੁੱਖ ਨਹੀਂ ਹੈ, ਮੈਨੂੰ ਇਹ (ਦਾਅਵਾ) ਆਪਣੀ ਹੀ ਗੱਲ ਦੇ ਉਲਟ ਹੀ ਨਹੀ, ਮੂਰਖਤਾ ਭਰਿਆ ਵੀ ਲਗਦਾ ਹੈ।[1]
>
> ਜੋ ਉਸਦੇ ਮਨੁੱਖ ਹੋਣ 'ਤੇ ਚੁਣੇ ਜਾ ਕੇ, ਮਸਹ ਹੋਣ ਅਤੇ ਫਿਰ ਮਸੀਹ ਹੋਣ ਦੀ ਗੱਲ ਮਜ਼ਬੂਤੀ ਨਾਲ ਕਰਦੇ ਹਨ, ਮੈਨੂੰ ਪਤਾ ਲਗਦਾ ਹੈ ਕਿ ਬਹੁਤ ਮੰਨਣਯੋਗ ਢੰਗ ਨਾਲ ਬੋਲਦੇ ਹਨ। ... ਕਿਉਂਕਿ ਸਾਨੂੰ ਸਭ ਨੂੰ ਆਸ ਹੈ ਕਿ ਮਸੀਹ ਮਨੁੱਖ ਤੋਂ (ਪੈਦਾ

ਹੋਇਆ) ਮਨੁੱਖ ਹੀ ਹੋਵੇ ਅਤੇ ਏਲੀਆ ਆ ਕੇ ਉਸਨੂੰ ਮਸਹ ਕਰੇਗਾ। ਪਰ ਜੇ ਇਹ ਆਦਮੀ ਮਸੀਹ ਲਗਦਾ ਹੈ ਤਾਂ ਜ਼ਰੂਰੀ ਹੈ ਕਿ ਉਹ ਮਨੁੱਖਾਂ ਤੋਂ (ਜਨਮ ਲੈ ਕੇ) ਮਨੁੱਖ ਦੇ ਰੂਪ ਵਿਚ ਆਵੇ; ਪਰ ਇਸ ਹਾਲਾਤ ਤੋਂ ਕਿ ਏਲੀਆਹ ਅਜੇ ਨਹੀਂ ਆਇਆ, ਨਿਚੋੜ ਨਿੱਕਲਦਾ ਹੈ ਕਿ ਉਹ ਆਦਮੀ [ਮਸੀਹ] ਨਹੀਂ ਹੈ।[2]

ਮੱਤੀ 22:41-45 ਵਿਚ ਦਰਜ ਘਟਨਾ ਤੋਂ ਪਤਾ ਲਗਦਾ ਹੈ ਕਿ ਯਿਸੂ ਦੇ ਸਮੇਂ ਯੂਰਪੀ ਲੋਕਾਂ ਵਿਚ ਇਹੀ ਵਿਸ਼ਵਾਸ ਪਾਇਆ ਜਾਂਦਾ ਸੀ:

ਜਿਸ ਵੇਲੇ ਫ਼ਰੀਸੀ ਇੱਕਠੇ ਸਨ ਯਿਸੂ ਨੇ ਉਨ੍ਹਾਂ ਨੂੰ ਪੁੱਛਿਆ। ਮਸੀਹ ਦੇ ਹੱਕ ਵਿਚ ਤੁਸੀਂ ਕੀ ਸਮਝਦੇ ਹੋ, ਉਹ ਕਿਹਦਾ ਪੁੱਤਰ ਹੈ? ਉਨ੍ਹਾਂ ਉਸਨੂੰ ਆਖਿਆ ਦਾਊਦ ਦਾ। ਉਸ ਨੇ ਉਨ੍ਹਾਂ ਨੂੰ ਕਿਹਾ, ਫਿਰ ਦਾਊਦ ਆਤਮਾ ਦੇ ਰਾਹੀਂ ਕਿੱਕੁਰ ਉਹਨੂੰ ਪ੍ਰਭੂ ਆਖਦਾ ਹੈ? ਕਿ ਪ੍ਰਭੂ ਨੇ ਮੇਰੇ ਪ੍ਰਭੂ ਨੂੰ ਆਖਿਆ, ਤੂੰ ਮੇਰੇ ਸੱਜੇ ਪਾਸੇ ਬੈਠ, ਜਦ ਤੀਕਰ ਮੈਂ ਤੇਰੇ ਵੈਰੀਆਂ ਨੂੰ ਤੇਰੇ ਪੈਰਾਂ ਹੇਠ ਨਾ ਕਰ ਦਿਆਂ। ਸੋ ਜਦ ਦਾਊਦ ਉਹਨੂੰ ਪ੍ਰਭੂ ਆਖਦਾ ਹੈ ਤਾਂ ਉਹ ਉਸਦਾ ਪੁੱਤਰ ਕਿਸ ਤਰ੍ਹਾਂ ਹੋਇਆ?

ਉਨ੍ਹਾਂ ਨੂੰ ਇਹ ਕਿਉਂ ਸਮਝ ਨਹੀਂ ਆ ਰਿਹਾ ਸੀ ਕਿ ਦਾਊਦ ਨੇ ਆਪਣੀ ਸੰਤਾਨ ਨੂੰ ''ਪ੍ਰਭੂ'' ਕਿਉਂ ਕਿਹਾ ਹੈ? ਇਸਦਾ ਸਿੱਧਾ ਜਵਾਬ ਇਹ ਹੈ ਕਿ ਉਹ ਮਸੀਹਾ ਦੇ ਦਾਊਦ ਦੇ ਘਰਾਣੇ ਵਿਚ ''ਸਰੀਰਕ'' ਮਾਤਾ-ਪਿਤਾ ਤੋਂ ਜਨਮ ਲੈਣ ਦੀ ਉਮੀਦ ਕਰ ਰਹੇ ਸਨ। ਜੇ ਉਨ੍ਹਾਂ ਨੂੰ ਪਤਾ ਹੁੰਦਾ ਕਿ ਵਚਨ ਵਿਚ ਦੱਸਿਆ ਗਿਆ ਹੈ ਕਿ ਉਸਨੇ ਮਨੁੱਖ ਦੇ ਰੂਪ ਵਿਚ ਖ਼ੁਦਾ ਹੋਣਾ ਸੀ (ਦਾਊਦ ਤੋਂ ਨਿੱਕਲੀ ਦੇਹ), ਤਾਂ ਉਹ ਇਸ ਸਵਾਲ ਦਾ ਜਵਾਬ ਦੇ ਸਕਦੇ ਸਨ।

ਯਹੂਦੀਆਂ ਦੇ ਅੰਦਾਜ਼ੇ ਮੁਤਾਬਕ ਖ੍ਰਿਸਟਸ ਭਾਵ ਮਸੀਹਾ ਹੋਣ ਦਾ ਦਾਅਵਾ ਕਰਨਾ ਵੱਡਾ ਪਾਪ ਨਹੀਂ ਸੀ; ਨਾ ਹੀ ਲੋਕਾਂ ਵੱਲੋਂ ਕਿਸੇ ਨੂੰ ਮਸੀਹਾ ਮੰਨਣਾ ਕੋਈ ਜੁਰਮ ਸੀ। ਮੱਤੀ 9:27 ਵਿਚ ਦੋ ਅੰਨ੍ਹਿਆਂ ਨੇ ਯਿਸੂ ਨੂੰ ''ਦਾਊਦ ਦਾ ਪੁੱਤਰ'' ਆਖਿਆ ਸੀ; ਮੱਤੀ 15:22 ਵਿਚ ਵੀ ਕਨਾਨੀ ਔਰਤ ਨੇ ਵੀ ਇਵੇਂ ਹੀ ਆਖਿਆ ਸੀ। ਜਦ ਯਿਸੂ ਯਰੂਸ਼ਲਮ ਨੂੰ ਜਾ ਰਿਹਾ ਸੀ ਜਿਸਨੂੰ ਉਸਦਾ ''ਫ਼ਤਹਿਮੰਦ ਦਾਖਲਾ'' ਕਿਹਾ ਜਾਂਦਾ ਹੈ, ਉਦੋਂ ਵੀ ਲੋਕਾਂ ਦੀ ਭੀੜ ਇਹੀ ਆਖਦੀ ਜਾ ਰਹੀ ਸੀ, ''ਹੋਸੰਨਾ ਦਾਊਦ ਦੇ ਪੁੱਤਰ ਨੂੰ'' (ਮੱਤੀ 21:1-17)। ''ਦਾਊਦ ਦੇ ਪੁੱਤਰ'' ਦੀ ਇਸੇ ਤਰ੍ਹਾਂ ਵਰਤੋਂ ਮੱਤੀ 21:9 ਅਤੇ 22:42 ਵਿਚ ਵੀ ਕੀਤੀ ਗਈ ਹੈ। ਲੋਕਾਂ ਦੀ ਭੀੜ ਉਹਨੂੰ ਮਸੀਹ ਆਖ ਰਹੀ ਸੀ, ਜਦ ਕਿ ਉਨ੍ਹਾਂ ਵਿਚ ਬਹੁਤ ਹੀ ਘੱਟ ਲੋਕ ਉਨ੍ਹਾਂ ਨੂੰ ਖ਼ੁਦਾ ਦਾ ਪੁੱਤਰ ਹੋਣ 'ਚ ਯਕੀਨ ਕਰਦੇ ਸਨ। ਬਾਅਦ 'ਚ ਉਸ ਉੱਤੇ ਕੁਫ਼ਰ ਬਕਣ ਦਾ ਇਲਜ਼ਾਮ ਲਾਉਣ ਵਾਲੇ ਆਗੂਆਂ ਨਾਲ ਮਿਲ ਗਏ ਸਨ ਕਿਉਂਕਿ ਉਸਨੇ ਕਿਹਾ ਸੀ ਕਿ ਉਹ ਖ਼ੁਦਾ ਦਾ ਪੁੱਤਰ ਹੈ।

## ਯਿਸੂ ਦਾ ਦਾਅਵਾ

ਇਸ ਸਭ ਕੁਝ ਨੂੰ ਧਿਆਨ ਵਿਚ ਰੱਖਦਿਆਂ ਆਓ ਵੇਖਦੇ ਹਾਂ ਕਿ ਯਿਸੂ ਨੇ ਆਪਣੇ ਆਪ ਨੂੰ ਖ਼ੁਦਾ ਕਿਹਾ। ਜਿਵੇਂ ''ਮਨੁੱਖ ਦਾ ਪੁੱਤਰ'' ਕਹਿਣ ਦਾ ਅਰਥ '' ਮਨੁੱਖ'' ਹੀ ਹੁੰਦਾ ਹੀ ਹੁੰਦਾ ਹੈ ਓਸੇ ਤਰ੍ਹਾਂ ਉਸ ਨੂੰ ''ਖ਼ੁਦਾ'' ਕਹਿਣ ਲਈ ''ਖ਼ੁਦਾ ਦਾ ਪੁੱਤਰ'' ਸ਼ਬਦ ਦੀ ਵਰਤੋਂ

ਕੀਤੀ ਗਈ। ਯੂਹੰਨਾ 5: 17, 18 ਵਿਚ ਅਸੀ ਪੜ੍ਹਦੇ ਹਾਂ:

> ਪਰ ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ ਕਿ ਮੇਰਾ ਪਿਤਾ ਹੁਣ ਤੀਕਰ ਕੰਮ ਕਰਦਾ ਹੈ ਅਤੇ ਮੈਂ ਵੀ ਕੰਮ ਕਰਦਾ ਹਾਂ। ਇਸ ਕਾਰਣ ਯਹੂਦੀ ਹੋਰ ਵੀ ਉਹਦੇ ਮਾਰ ਸੁੱਟਣ ਦੇ ਮਗਰ ਪਏ ਕਿਉਂਕਿ ਉਹ ਸਿਰਫ਼ ਸੱਬਤ ਦੇ ਦਿਨ ਨੂੰ ਨਹੀਂ ਟਾਲਦਾ ਸਗੋਂ ਪਰਮੇਸ਼ੁਰ ਨੂੰ ਆਪਣਾ ਪਿਤਾ ਕਹਿ ਕੇ ਆਪ ਨੂੰ ਪਰਮੇਸ਼ੁਰ ਦੇ ਤੁੱਲ ਬਣਾਉਂਦਾ ਸੀ।

ਯਹੂਦੀ ਲੋਕ ਆਪਣੇ ਆਪ ਨੂੰ ਖ਼ੁਦਾ ਦੀ ਸੰਤਾਨ ਅਤੇ ਖ਼ੁਦਾ ਨੂੰ ਆਪਣਾ ਪਿਤਾ ਆਖਦੇ ਸਨ (ਯੂਹੰਨਾ 8:41)। ਯਕੀਨਨ ਹੀ ਉਨ੍ਹਾਂ ਨੂੰ ਯਿਸੂ ਵੱਲੋਂ ਖ਼ੁਦਾ ਨੂੰ ਆਪਣਾ ਪਿਤਾ ਆਖਣ 'ਤੇ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ ਸੀ, ਪਰ ਉਨ੍ਹਾਂ ਨੂੰ ਇਤਰਾਜ਼ ਸੀ। ਕਿਉਂ? ਉਨ੍ਹਾਂ ਦਾ ਇਹ ਇਤਰਾਜ਼ ਸੀ ਕਿ ਯਿਸੂ ਇਕ ਸ਼ਬਦ ਦੀ ਵਰਤੋਂ ਕਰਦਾ ਸੀ ਜਿਸ ਦਾ ਅਰਥ ''ਆਪਣਾ ਪਿਤਾ'' ਹੈ, ਜੋ ਇਹ ਸੰਕੇਤ ਦਿੰਦਾ ਸੀ ਕਿ ਉਹ ''ਖ਼ੁਦਾ ਦੇ ਤੁੱਲ'' ਹੈ। ਅਜਿਹੇ ਸ਼ਬਦਾਂ ਦੀ ਵਰਤੋਂ ਕਰਨਾ ਜਿਨ੍ਹਾਂ ਨਾਲ ਉਹ ਖ਼ੁਦਾ ਦੇ ਬਰਾਬਰ ਹੋ ਜਾਂਦਾ ਸੀ, ਆਪਣੇ ਆਪ ਨੂੰ ਖ਼ੁਦਾ ਕਹਿਣ ਵਾਂਗ ਹੀ ਸੀ ਅਤੇ ਇਹੀ ਉਨ੍ਹਾਂ ਨੂੰ ਕੁਫ਼ਰ ਲਗਦਾ ਸੀ।

ਯੂਹੰਨਾ 8:53ਅ, 54 ਵਿਚ ਯਹੂਦੀਆਂ ਨੇ ਉਸਨੂੰ ਪੁੱਛਿਆ ਕਿ ''ਤੂੰ ਆਪ ਨੂੰ ਕੀ ਬਣਾਉਂਦਾ ਹੈਂ?'' ਯਿਸੂ ਨੇ ਜਵਾਬ ਦਿੱਤਾ, ''ਜੇ ਮੈਂ ਆਪਣੀ ਵਡਿਆਈ ਕਰਾਂ ਤਾਂ ਮੇਰੀ ਵਡਿਆਈ ਕੁਝ ਨਹੀਂ ਹੈ। ਜੋ ਮੇਰੀ ਵਡਿਆਈ ਕਰਦਾ ਹੈ ਸੋ ਮੇਰਾ ਪਿਤਾ ਹੈ ਜਿਹਨੂੰ ਤੁਸੀਂ ਆਖਦੇ ਹੋ ਕਿ ਉਹ ਸਾਡਾ ਪਰਮੇਸ਼ੁਰ ਹੈ।'' ਯਿਸੂ ਨੇ ਆਪਣੇ ਸਹੀ ਪਿਤਾ ਨੂੰ ਪਛਾਣਿਆ ਜਿਸਨੂੰ ਯਹੂਦੀ ਆਪਣਾ ਖ਼ੁਦਾ ਆਖਦੇ ਸਨ। ਇਸ ਗੱਲ ਨੂੰ ਕਹਿਣ ਦਾ ਇਕ ਹੋਰ ਤਰੀਕਾ ਸੀ ਕਿ ਉਹ ਖ਼ੁਦਾ ਦਾ ਨਿਰਾਲੇ ਢੰਗ ਨਾਲ ਪੁੱਤਰ ਹੈ ਜਿਸ ਵਿਚ ਕੋਈ ਹੋਰ ਨਹੀਂ ਹੈ। ਇਸ ਕਰਕੇ ਉਹ ਆਪਣੇ ਆਪ ਨੂੰ ਖ਼ੁਦਾ ਦੇ ਬਰਾਬਰ ਬਣਾ ਰਿਹਾ ਸੀ।

ਯਹੂਦੀ ਲੋਕ ਇਹ ਸਮਝਦੇ ਸਨ ਕਿ ਯਿਸੂ ਆਪਣੇ ਆਪ ਨੂੰ ਖ਼ੁਦਾ ਦਾ ਪੁੱਤਰ ਆਖ ਕੇ ਆਪਣੇ ਆਪ ਨੂੰ ਖ਼ੁਦਾ ਦੇ ਬਰਾਬਰ ਕਰ ਰਿਹਾ ਸੀ। ਯੂਹੰਨਾ 10:30-36 ਵਿਚ ਇਹ ਗੱਲ ਸਪੱਸ਼ਟ ਹੁੰਦੀ ਹੈ। ਯਿਸੂ ਦੀ ਗੱਲ ''ਮੈਂ ਅਤੇ ਮੇਰਾ ਪਿਤਾ ਇਕ ਹਾਂ'' ਦੀ ਬਹੁਤ ਹੀ ਤਿੱਖੀ ਪ੍ਰਤੀਕਿਰਿਆ ਹੋਈ:

> ... ਯਹੂਦੀਆਂ ਨੇ ਫੇਰ ਪੱਥਰ ਚੁੱਕੇ ਜੋ ਉਹਨੂੰ ਪਥਰਾਅ ਕਰਨ। ਯਿਸੂ ਨੇ ਅੱਗੋਂ ਉਨ੍ਹਾਂ ਨੂੰ ਆਖਿਆ, ਮੈਂ ਤੁਹਾਨੂੰ ਪਿਤਾ ਦੀ ਵੱਲੋਂ ਅਨੇਕ ਚੰਗੇ ਕੰਮ ਵਿਖਾਏ। ਉਨ੍ਹਾਂ ਵਿੱਚੋਂ ਕਿਹੜੇ ਕੰਮ ਦੇ ਬਦਲੇ ਤੁਸੀਂ ਮੈਨੂੰ ਪਥਰਾਅ ਕਰਦੇ ਹੋ? ਯਹੂਦੀਆਂ ਨੇ ਉਹਨੂੰ ਉੱਤਰ ਦਿੱਤਾ ਕਿ ਅਸੀਂ ਤੈਨੂੰ ਚੰਗੇ ਕੰਮ ਪਿੱਛੇ ਪਥਰਾਅ ਨਹੀਂ ਕਰਦੇ ਪਰ ਕੁਫ਼ਰ ਪਿੱਛੇ ਅਤੇ ਇਸ ਲਈ ਜੋ ਤੂੰ ਮਨੁੱਖ ਹੋ ਕੇ ਆਪਣੇ ਆਪ ਨੂੰ ਪਰਮੇਸ਼ੁਰ ਬਣਾਉਂਦਾ ਹੈਂ। ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਕੀ ਤੁਹਾਡੀ ਸ਼ਰ੍ਹਾ ਵਿਚ ਇਹ ਨਹੀਂ ਲਿਖਿਆ ਹੋਇਆ ਹੈ ਕਿ ਮੈਂ ਆਖਿਆ, ਤੁਸੀਂ ਈਸ਼ਵਰ ਹੋ? ਜੇਕਰ ਉਸਨੇ ਉਨ੍ਹਾਂ ਨੂੰ ਈਸ਼ਵਰ ਆਖਿਆ ਜਿਨ੍ਹਾਂ ਕੋਲ ਪਰਮੇਸ਼ੁਰ ਦਾ ਵਚਨ ਆਇਆ, ਅਤੇ ਲਿਖਤ ਖੰਡਤ ਨਹੀਂ ਹੋ ਸੱਕਦੀ, ਤਾਂ ਜਿਹਨੂੰ ਪਿਤਾ ਨੇ ਪਵਿੱਤਰ ਕਰ ਕੇ ਜਗਤ ਵਿਚ ਘੱਲਿਆ, ਕੀ ਤੁਸੀਂ ਉਹਨੂੰ ਇਹ ਆਖਦੇ ਹੋ ਕਿ ਤੂੰ ਕੁਫ਼ਰ ਬਕਦਾ ਹੈਂ ਇਸ ਲਈ ਜੋ ਮੈਂ ਕਿਹਾ ਸੀ ਕਿ

ਮੈਂ ਪਰਮੇਸ਼ੁਰ ਦਾ ਪੁੱਤਰ ਹਾਂ?

ਇੱਥੇ ਇਹ ਸਾਫ਼ ਹੋ ਜਾਂਦਾ ਹੈ ਕਿ ਯਿਸੂ ਵੱਲੋਂ ਆਪਣੇ ਆਪ ਨੂੰ ''ਖ਼ੁਦਾ ਦਾ ਪੁੱਤਰ'' ਆਖਣ 'ਤੇ ਯਹੂਦੀ ਸਮਝ ਗਏ ਕਿ ਉਹਨੇ ਆਪਣੇ ਆਪ ਨੂੰ ਖ਼ੁਦਾ ਬਣਾਇਆ ਹੈ।

ਉਹਦਾ ਇਹੀ ਦਾਅਵਾ ਅਖ਼ੀਰ 'ਚ ਉਹਦੀ ਮੌਤ ਦਾ ਕਾਰਣ ਬਣਿਆ ਸੀ। ਯਹੂਦੀ ਸਭਾ ਦੇ ਸਾਹਮਣੇ ਉਹਨੂੰ ਹੁਕਮ ਦਿੱਤਾ ਗਿਆ, ''ਜੇ ਤੂੰ ਮਸੀਹ ਹੈਂ ਤਾਂ ਸਾਨੂੰ ਦੱਸ।'' ਇਸ 'ਤੇ ਉਹਦੇ ਜਵਾਬ ਨੇ ਉਨ੍ਹਾਂ ਲਈ ਸ਼ੱਕ ਦੀ ਕੋਈ ਗੁੰਜਾਇਸ਼ ਨਾ ਰਹਿਣ ਦਿੱਤੀ। ਮਸੀਹ ਹੋਣ ਦਾ ਦਾਅਵਾ ਕਰਨ ਦੇ ਖ਼ਿਲਾਫ਼ ਕੋਈ ਸ਼ਰ੍ਹਾ ਨਹੀਂ ਸੀ ਜਿਸ ਕਰਕੇ ਉਹ ਕੁਝ ਨਹੀਂ ਕਰ ਸਕਦੇ ਸਨ। ਫਿਰ ਉਸ ਤੋਂ ਪੁੱਛਿਆ ਗਿਆ, ''ਤਾਂ ਕੀ ਤੂੰ ਪਰਮੇਸ਼ੁਰ ਦਾ ਪੁੱਤਰ ਹੈਂ?'' ਉਹਨੇ ਜਵਾਬ ਦਿੱਤਾ, ''ਹਾਂ, ਮੈਂ ਹਾਂ।'' ਇਸ ਤਸਦੀਕ ਦੇ ਬਾਅਦ ਯਹੂਦੀ ਆਖਣ ਲੱਗੇ, ''ਹੁਣ ਸਾਨੂੰ ਉਗਾਹੀ ਦੀ ਹੋਰ ਕੀ ਲੋੜ ਹੈ? ਕਿਉਂ ਜੋ ਅਸਾਂ ਆਪ ਉਹਦੇ ਮੂੰਹੋਂ ਸੁਣਿਆ ਹੈ'' (ਪੜ੍ਹੋ ਲੂਕਾ 22:66-71)।

ਫਿਰ ਵੀ ਉਹਨੂੰ ਪਿਲਾਤੁਸ ਦੇ ਸਾਹਮਣੇ ਲੈ ਗਏ। ਉੱਥੇ ਉਹਦੇ ਖ਼ਿਲਾਫ਼ ਇਕ ਇਲਜ਼ਾਮ ਲਾਇਆ ਗਿਆ ਕਿ ਉਹਨੇ ਆਪਣੇ ਆਪ ਨੂੰ ''ਮਸੀਹ'' ਯਾਨੀ ਰਾਜਾ ਦੱਸਿਆ ਹੈ। ਜਦ ਉਨ੍ਹਾਂ ਆਖਿਆ ਕਿ ਇਸ ਇਲਜ਼ਾਮ ਨਾਲ ਕੁਝ ਨਹੀਂ ਬਣੇਗਾ, ਤਾਂ ਉਨ੍ਹਾਂ ਕਿਹਾ, ''ਸਾਡੇ ਕੋਲ ਸ਼ਰ੍ਹਾ ਹੈ ਅਤੇ ਉਸ ਸ਼ਰ੍ਹਾ ਅਨੁਸਾਰ ਇਹ ਮਰਨ ਜੋਗ ਹੈ ਇਸ ਲਈ ਜੋ ਇਹਨੇ ਆਪਣੇ ਆਪ ਨੂੰ ਪਰਮੇਸ਼ੁਰ ਦਾ ਪੁੱਤਰ ਬਣਾਇਆ'' (ਯੂਹੰਨਾ 19:7)। ਉਨ੍ਹਾਂ ਦੀ ਸ਼ਰ੍ਹਾ ਮੁਤਾਬਕ ਕੁਫ਼ਰ ਬੋਲਣ ਦੇ ਜੁਰਮ ਦੀ ਸਜ਼ਾ ਮੌਤ ਸੀ (ਲੇਵੀਆਂ 24:16)। ਉਨ੍ਹਾਂ ਨੇ ਉਸ 'ਤੇ ਕੁਫ਼ਰ ਬਕਣ ਦਾ ਇਲਜ਼ਾਮ ਲਾਇਆ, ਕਿਉਂਕਿ ਉਹਨੇ ਆਪਣੇ ਆਪ ਨੂੰ ਖ਼ੁਦਾ ਦਾ ਪੁੱਤਰ ਮੰਨਿਆ ਸੀ (ਮੱਤੀ 26:63-66)। ਫਿਰ ਅਸੀਂ ਵੇਖਦੇ ਹਾਂ ਯਿਸੂ ਨੇ ਖ਼ੁਦਾ ਦੇ ਬਰਾਬਰ ਹੋਣ ਦਾ ਦਾਅਵਾ ਕੀਤਾ, ਭਾਵ ਉਹਨੇ ਦੇਹ ਵਿਚ ਖ਼ੁਦਾ ਹੋਣ ਦਾ ਦਾਅਵਾ ਕੀਤਾ।

## ਰਸੂਲਾਂ ਦਾ ਪ੍ਰਚਾਰ ਸੀ ਕਿ ਉਹ ਖੁਦਾ ਹੈ

ਧਰਤੀ ਤੇ ਰਹਿੰਦਿਆਂ ਯਿਸੂ ਦੇ ਸਭ ਤੋਂ ਨੇੜਲੇ ਲੋਕ ਰਸੂਲ ਹੀ ਸਨ, ਜਿਨ੍ਹਾਂ ਨੇ ਉਹਦੇ ਮੋਅਜਜ਼ੇ ਵੇਖੇ ਸਨ, ਅਤੇ ਤਿੰਨ ਤੋਂ ਵੀ ਵੱਧ ਸਾਲਾਂ ਤਕ ਉਹਦੀਆਂ ਸਿੱਖਿਆਵਾਂ ਸੁਣੀਆਂ ਸਨ। ਉਨ੍ਹਾਂ ਨੇ ਉਸਨੂੰ ਕਬਰ ਵਿੱਚੋਂ ਜੀ ਉੱਠਣ ਦੇ ਬਾਅਦ ਵੇਖਿਆ ਸੀ ਅਤੇ ਉਹਦੇ ਨਾਲ ਖਾਣਾ ਵੀ ਖਾਧਾ ਸੀ। ਬਾਅਦ ਵਿਚ ਉਨ੍ਹਾਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਦਿੱਤਾ ਗਿਆ ਸੀ, ਜਿਸ ਨੇ ਉਨ੍ਹਾਂ ਨੂੰ ਬਗੈਰ ਗਲ਼ਤੀ ਕੀਤੇ ਅਗਵਾਈ ਤਾਂ ਦਿੱਤੀ ਪਰ ਉਨ੍ਹਾਂ ਨੇ ਉਹ ਗੱਲਾਂ ਵੀ ਦਿੱਤੀਆਂ ਜੋ ਉਨ੍ਹਾਂ ਨੂੰ ਸਾਡੇ ਤਕ ਵਚਨ ਪਹੁੰਚਾਉਣ ਲਈ ਵਰਤਣੀਆਂ ਚਾਹੀਦੀਆਂ ਮਨ। ਉਨ੍ਹਾਂ ਲੋਕਾਂ ਨੇ ਕਿਹਾ ਕਿ ਯਿਸੂ ਖ਼ੁਦਾ ਦਾ ਪੁੱਤਰ, ਖ਼ੁਦਾ ਮਨੁੱਖ ਬਣਿਆ ਭਾਵ ਦੇਹ ਖ਼ੁਦਾ ਸੀ।

### ਯੂਹੰਨਾ

ਪਿਆਰਾ ਚੇਲਾ, ਯੂਹੰਨਾ ਸ਼ਾਇਦ ਪੂਰੀ ਤਰ੍ਹਾਂ ਨਾਲ ਸਾਡੇ ਪ੍ਰਭੂ ਦੇ ਸਬੰਧ ਨੂੰ ਸਮਝ ਗਿਆ ਸੀ ਅਤੇ ਉਹਨੇ ਉਸ ਸਬੰਧ ਦੀ ਵਡਿਆਈ ਕੀਤੀ ਸੀ। ਬਗੈਰ ਕਿਸੇ ਗਲਤੀ ਦੇ ਆਤਮਾ ਦੀ ਅਗਵਾਈ ਵਿਚ ਉਹਨੇ ਲਿਖਿਆ:

ਆਦਿ ਵਿਚ ਸ਼ਬਦ ਸੀ ਅਰ ਸ਼ਬਦ ਪਰਮੇਸ਼ੁਰ ਦੇ ਸੰਗ ਸੀ ਅਤੇ ਸ਼ਬਦ ਪਰਮੇਸ਼ੁਰ ਸੀ। ਇਹੋ ਆਦ ਵਿਚ ਪਰਮੇਸ਼ੁਰ ਦੇ ਸੰਗ ਸੀ। ਸੱਭੋ ਕੁਝ ਉਸ ਤੋਂ ਰਚਿਆ ਗਿਆ ਅਤੇ ਰਚਨਾ ਵਿੱਚੋਂ ਇਕ ਵਸਤੂ ਭੀ ਉਸ ਤੋਂ ਬਿਨਾ ਨਹੀਂ ਰਚੀ ਗਈ। ਉਸ ਵਿਚ ਜੀਉਣ ਸੀ ਅਤੇ ਉਹ ਜੀਉਣ ਇਨਸਾਨ ਦਾ ਚਾਨਣ ਸੀ। ...

ਅਤੇ ਸ਼ਬਦ ਦੇਹ ਧਾਰੀ ਹੋਇਆ ਅਤੇ ਕਿਰਪਾ ਅਤੇ ਸੱਚਿਆਈ ਨਾਲ ਭਰਪੂਰ ਹੋ ਕੇ ਸਾਡੇ ਵਿਚ ਵਾਸ ਕੀਤਾ ਅਤੇ ਅਸਾਂ ਉਸ ਦਾ ਤੇਜ ਪਿਤਾ ਦੇ ਇਕਲੌਤੇ ਦੇ ਤੇਜ ਵਰਗਾ ਡਿੱਠਾ (ਯੂਹੰਨਾ 1:1-4, 14)।

''ਸ਼ਬਦ'' ਜਿਹਦਾ ਜ਼ਿਕਰ ਇੱਥੇ ਹੋਇਆ ਹੈ, ਖ਼ੁਦਾਈ ਵਿਚ ਦੂਜਾ ਸ਼ਖ਼ਸ ਸੀ। ''ਸ਼ਬਦ'' ਹੀ ਯਿਸੂ ਬਣਿਆ। ਇਸ ਤੱਥ 'ਤੇ ਬਹਿਸ ਦੀ ਲੋੜ ਨਹੀਂ ਹੈ, ਕਿਉਂਕਿ ਆਇਤ 14 ਵਿਚ ਇਹ ਸਪੱਸ਼ਟ ਕਰ ਦਿੱਤਾ ਗਿਆ ਹੈ। ਇਸ ਲਈ ਆਓ ਸ਼ਬਦ ਬਾਰੇ ਦਿੱਤੇ ਗਏ ਕਥਨਾਂ ਨੂੰ ਪਹਿਲਾਂ ਵੇਖਦੇ ਹਾਂ, ਜੋ ਉਹਦੇ ਖ਼ੁਦਾ ਹੋਣ ਨੂੰ ਸਾਬਿਤ ਕਰਦੇ ਹਨ। ਦੂਜਾ, ਅਸੀਂ ਵੇਖਾਂਗੇ ਕਿ ਇਹ ਸ਼ਬਦ ਜੋ ਖ਼ੁਦਾ ਸਾਬਿਤ ਹੋ ਚੁਕਾ ਹੈ, ਦੇਹਧਾਰੀ ਹੋਇਆ ਅਤੇ ਯਿਸੂ ਨਾਸਰੀ ਅਖਵਾਇਆ।

ਸ਼ਬਦ ਦੀ ਸਦੀਵਤਾ ਨੂੰ ਸਭ ਤੋਂ ਪਹਿਲਾਂ ''ਆਦਿ ਵਿਚ ... ਸੀ'' ਵਿਚ ਦਿੱਤਾ ਗਿਆ ਹੈ। ਹਰ ਚੀਜ਼ ਦੀ ਸ਼ੁਰੂਆਤ ਦੇ ਸਮੇਂ, ਸ਼ਬਦ ਪਹਿਲਾਂ ਤੋਂ ਹੀ ''ਸੀ।'' ਉਹ ਸੰਸਾਰ ਦੀ ਹਰ ਚੀਜ਼ ਤੋਂ ਪਹਿਲਾਂ ਸੀ। ਇਸ ਲਈ ਉਹ ਸ੍ਰਿਸ਼ਟੀ ਦਾ ਭਾਗ ਨਹੀਂ ਸੀ, ਭਾਵ ਉਹ ਸਦਾ ਤੋਂ ਸਦਾ ਤਕ ਹੈ। ਸਦਾ ਤੋਂ ਸਦਾ ਤਕ ਸਿਰਫ਼ ਖ਼ੁਦਾ ਹੈ ਭਾਵ ਉਹ ਸ਼ਬਦ ਪਰਮੇਸ਼ੁਰ ਹੀ ਹੈ।

ਫਿਰ ਵਚਨ ਵਿਚ, ਪਿਤਾ ਦੇ ਨਾਲ ਉਹਦੀ ਹੋਂਦ ਨੂੰ ਦੋ ਵਾਰ ਵਿਖਾਇਆ ਗਿਆ ਹੈ: ''ਅਤੇ ਸ਼ਬਦ ਪਰਮੇਸ਼ੁਰ ਦੇ ਸੰਗ ਸੀ''; ''ਇਹੋ ਆਦਿ ਵਿਚ ਪਰਮੇਸ਼ੁਰ ਦੇ ਸੰਗ ਸੀ।'' ਫਿਰ ਉਹਦੇ ਜ਼ਰੂਰੀ ਅਤੇ ਨਿੱਜੀ ਖ਼ੁਦਾ ਹੋਣ ਦੀ ਤਸਦੀਕ ਕੀਤੀ ਜਾਂਦੀ ਹੈ: ''ਅਤੇ ਸ਼ਬਦ ਪਰਮੇਸ਼ੁਰ ਸੀ।'' ਅਖ਼ੀਰ 'ਚ ਪਿਤਾ ਨਾਲੋਂ ਉਹਦੇ ਫ਼ਰਕ ਹੋਣ ਦੀ ਗੱਲ ਕਹੀ ਜਾਂਦੀ ਹੈ: ''ਇਹੋ ਆਦਿ ਵਿਚ ਪਰਮੇਸ਼ੁਰ ਦੇ ਸੰਗ ਸੀ।'' ਜੇ ਇਨ੍ਹਾਂ ਸ਼ਬਦਾਂ ਤੋਂ ਇਹ ਸੰਕੇਤ ਨਹੀਂ ਮਿਲਦਾ ਕਿ ਇੱਥੇ ਦੋ ਸ਼ਖ਼ਸ ਹਨ, ਜਿਨ੍ਹਾਂ 'ਚੋਂ ਇਕ ਨੂੰ ਯਥਾਰਥ ''ਪਰਮੇਸ਼ੁਰ'' ਕਿਹਾ ਜਾ ਸਕਦਾ ਹੈ ਤਾਂ ਇਹ ਸ਼ਬਦ ਸਿਰਫ਼ ਘਾਲ-ਮੇਲ ਹੀ ਹੈ। ''ਸ਼ਬਦ ਪਰਮੇਸ਼ੁਰ ਸੀ,'' ਫਿਰ ਵੀ ਕਿਸੇ ਹੋਰ ਸ਼ਖ਼ਸ ਦੇ ਨਾਲ ਸੀ, ਜਿਸ ਨੂੰ ''ਪਰਮੇਸ਼ੁਰ'' ਕਿਹਾ ਗਿਆ ਹੈ; ਨਤੀਜੇ ਵਜੋਂ ਦੋ ਸ਼ਖ਼ਸ ਸਨ, ਜਿਨ੍ਹਾਂ ਨੂੰ ''ਪਰਮੇਸ਼ੁਰ'' ਕਿਹਾ ਗਿਆ ਹੈ। ਦੂਜੇ ਪਾਸੇ, ਉਨ੍ਹਾਂ ਦੀ ਏਕਤਾ ਦੇ ਕਾਰਣ, ਅਸੀਂ ਸਚਮੁਚ ਆਖ ਸਕਦੇ ਹਾਂ ਕਿ ''ਖ਼ੁਦਾ ਇੱਕੋ ਹੈ।''

ਨਾਲੇ ਇਸ ਸ਼ਬਦ ਨੂੰ ਸੰਸਾਰ ਦੀ ਰਚਨਾ ਕਰਨ ਵਾਲਾ ਕਿਹਾ ਜਾਂਦਾ ਹੈ: ''ਸੱਭੋ ਕੁਝ ਉਸ ਤੋਂ ਰਚਿਆ ਗਿਆ ਅਤੇ ਰਚਨਾ ਵਿੱਚੋਂ ਇਕ ਵਸਤੂ ਭੀ ਉਸ ਤੋਂ ਬਿਨਾ ਨਹੀਂ ਰਚੀ ਗਈ।'' ਇਹ ਫੇਰ ਸਾਬਿਤ ਕਰਦਾ ਹੈ ਕਿ ਉਹ ਸਾਰੇ ਸੰਸਾਰ ਤੋਂ ਪਹਿਲਾਂ ਸੀ ਅਤੇ ਇਸ ਕਰਕੇ ਉਹ ਸਿਰਜਣਾ ਨਹੀਂ ਸੀ। ਅਗਲੇ ਵਾਕ ਵਿਚ ਉਹਦੇ ਆਪਣੇ ਆਪ ਵਿਚ ਵਜੂਦ ਅਤੇ ਜ਼ਿੰਦਗੀ ਦੇਣ ਵਾਲੀ ਸ਼ਕਤੀ ਦਾ ਪਤਾ ਲਗਦਾ ਹੈ: ''ਉਸ ਵਿਚ ਜੀਉਣ ਸੀ ਅਤੇ ਉਹ ਜੀਉਣ ਇਨਸਾਨ ਦਾ ਚਾਨਣ ਸੀ।'' ਇਹਦੇ ਮੁਤਾਬਕ ਉਹ ਹਰ ਤਰ੍ਹਾਂ ਦੀ ਜ਼ਿੰਦਗੀ ਅਤੇ ਮੁਕਾਸ਼ਫ਼ਾ ਦੇਣ ਵਾਲਾ ਸੀ। ਸਚਮੁਚ, ਉਹ ਖ਼ੁਦਾ ਸੀ।

ਖ਼ੁਦਾ ਹੋਣ ਕਰਕੇ ਇਹ ਸ਼ਬਦ ''ਸ਼ਬਦ ਦੇਹ ਧਾਰੀ ਹੋਇਆ ਅਤੇ ਕਿਰਪਾ ਅਤੇ ਸਚਿਆਈ ਨਾਲ ਭਰਪੂਰ ਹੋ ਕੇ ਸਾਡੇ ਵਿਚ ਵਾਸ ਕੀਤਾ।'' ਦੇਹ ਧਾਰੀ ਹੋਣ 'ਤੇ, ਆਪਣੀ

ਕੋਈ ਖੂਬੀ ਗੁਆਈ ਨਹੀਂ ਜੋ ਉਸ ਨੂੰ ਸ਼ਬਦ ਭਾਵ ਖ਼ੁਦਾ ਦੇ ਰੂਪ ਵਿਚ ਪਛਾਣ ਦਵਾਉਂਦੀ ਹੈ। ਇਹ ਕਹਿ ਕੇ ਕਿ ''ਅਬਰਾਹਾਮ ਦੇ ਹੋਣ ਤੋਂ ਪਹਿਲਾਂ ਮੈਂ ਹਾਂ'' (ਯੂਹੰਨਾ 8:58) ਉਹਨੇ ਮਨੁੱਖ ਦੇ ਰੂਪ ਵਿਚ ਆਪਣੀ ਅਨਾਦੀ ਹੋਂਦ ਦਾ ਦਾਅਵਾ ਕੀਤਾ। ਯਿਸੂ ਨਾਸਰੀ ਦੇ ਰੂਪ ਵਿਚ ਉਹਨੇ ਇਹ ਆਖ ਕੇ ਕਿ ''ਹੇ ਪਿਤਾ ਤੂੰ ਆਪਣੀ ਸੰਗਤ ਦੀ ਉਸ ਵਡਿਆਈ ਨਾਲ ਜੋ ਮੈਂ ਜਗਤ ਦੇ ਹੋਣ ਤੋਂ ਅੱਗੇ ਹੀ ਤੇਰੇ ਨਾਲ ਰੱਖਦਾ ਸਾਂ ਮੇਰੀ ਵਡਿਆਈ ਪਰਗਟ ਕਰ'' (ਯੂਹੰਨਾ 17:5) ਪਿਤਾ ਨਾਲ ਆਪਣੀ ਸੰਗਤੀ ਦਾ ਐਲਾਨ ਕੀਤਾ।

1 ਯੂਹੰਨਾ ਵਿਚ ਸਾਨੂੰ ਪ੍ਰਭੂ ਯਿਸੂ ਦੇ ਖ਼ੁਦਾ ਹੋਣ ਦਾ ਇਕ ਹੋਰ ਸਬੂਤ ਮਿਲਦਾ ਹੈ। ਪਿਆਰੇ ਰਸੂਲ ਯੂਹੰਨਾ ਨੇ 1:2 ਵਿਚ ਲਿਖਿਆ ਹੈ, ''ਇਹੋ ਆਦਿ ਵਿਚ ਪਰਮੇਸ਼ੁਰ ਦੇ ਸੰਗ ਸੀ।'' ਇਹ ਗੱਲ ਇੰਜੀਲ ਦੇ ਉਹਦੇ ਵਿਰਤਾਂਤ ਨਾਲ ਮੇਲ ਖਾਂਦੀ ਹੈ। ਜੀਵਨ ਜੋ ਪਰਗਟ ਹੋਇਆ ਉਹ ਅਨੰਤ ਜੀਵਨ ਸੀ। ਪਹਿਲਾਂ ਇਹ ਪਿਤਾ ਦੇ ਨਾਲ ਸੀ ਅਤੇ ਫਿਰ ਸਾਡੇ 'ਤੇ ਪਰਗਟ ਹੋਇਆ ਸੀ। ਜੇ ਖ਼ੁਦਾ ਦਾ ਪੁੱਤਰ ਪਿਤਾ ਦੇ ਨਾਲ ਸੀ ਅਤੇ ਫਿਰ ਸਾਡੇ ਤੇ ਪਰਗਟ ਹੋਇਆ ਸੀ ਤਾਂ ਸਾਡਾ ਇਹ ਨਿਚੋੜ ਸਹੀ ਹੋਣਾ ਚਾਹੀਦਾ ਹੈ ਕਿ ਹਮੇਸ਼ਾ ਦੀ ਜ਼ਿੰਦਗੀ ਖ਼ੁਦਾ ਦਾ ਪੁੱਤਰ ਹੀ ਸੀ; ਪਰ ਨਿਚੋੜ ਕੱਢਣਾ ਸਾਡੇ 'ਤੇ ਹੀ ਨਹੀਂ ਛੱਡਿਆ ਗਿਆ ਹੈ। ਯੂਹੰਨਾ ਨੇ ਕਿਹਾ, ''ਅਸੀਂ ਜਾਣਦੇ ਹਾਂ ਜੋ ਪਰਮੇਸ਼ੁਰ ਦਾ ਪੁੱਤਰ ਆਇਆ ਹੈ ਅਤੇ ਸਾਨੂੰ ਬੁੱਧ ਦਿੱਤੀ ਹੈ ਕਿ ਅਸੀਂ ਉਸ ਸੱਚੇ ਨੂੰ ਜਾਣੀਏ ਅਤੇ ਅਸੀਂ ਉਸ ਸੱਚੇ ਵਿਚ ਅਰਥਾਤ ਉਸਦੇ ਪੁੱਤਰ ਯਿਸੂ ਮਸੀਹ ਵਿਚ ਹਾਂ। ਸੱਚਾ ਪਰਮੇਸ਼ੁਰ ਅਤੇ ਸਦੀਪਕ ਜੀਵਨ ਇਹੋ ਹੈ'' (1 ਯੂਹੰਨਾ 5:20, 21)। ਇਸ ਤੋਂ ਪਤਾ ਲਗਦਾ ਹੈ ਕਿ ਖ਼ੁਦਾ ਦਾ ਪੁੱਤਰ ਹੀ ਉਹ ਹਮੇਸ਼ਾ ਦੀ ਜ਼ਿੰਦਗੀ ਹੈ ਜੋ ਪਹਿਲਾਂ ਖ਼ੁਦਾ ਦੇ ਨਾਲ, ਮਨੁੱਖ ਬਣ ਕੇ ਸਾਡੇ 'ਤੇ ਪਰਗਟ ਹੋਇਆ ਅਤੇ ਯਿਸੂ ਮਸੀਹ ਦੇ ਰੂਪ ਵਿਚ ਮਸ਼ਹੂਰ ਹੈ।

ਅਸੀਂ ਆਪਣੀ ਖੋਜ ਨੂੰ ਇੱਥੇ ਹੀ ਖ਼ਤਮ ਕਰ ਸਕਦੇ ਹਾਂ, ਕਿਉਂਕਿ ਅਸੀਂ ਖ਼ੁਦਾ ਦੀ ਪ੍ਰੇਰਣਾ ਪਾਈ ਹੋਈ ਸਕਾਰਾਤਮਕ ਗੱਲ ਦੀ ਖੋਜ ਕਰ ਲਈ ਹੈ ਕਿ ਖ਼ੁਦਾ ਦਾ ਪੁੱਤਰ ਭਾਵ ਯਿਸੂ ਮਸੀਹ ਜੋ ਮਨੁੱਖ ਬਣਿਆ ਅਤੇ ਸਾਡੇ ਦਰਮਿਆਨ ਰਿਹਾ, ''ਸੱਚਾ ਖ਼ੁਦਾ'' ਹੈ।

## ਪੌਲੁਸ

ਪੌਲੁਸ ਯਿਸੂ ਦਾ ਇਕ ਹੋਰ ਰਸੂਲ ਸੀ, ਜਿਸਨੇ ਉਹਦੇ ਖ਼ੁਦਾ ਹੋਣ ਬਾਰੇ ਲਿਖਿਆ, ਜਿਸਨੂੰ ਸੁਰਗ 'ਤੇ ਜਾਣ ਦੇ ਬਾਅਦ ਪ੍ਰਭੂ ਨੇ ਦਰਸ਼ਣ ਦਿੱਤਾ ਸੀ, ਅਤੇ ਜਿਸਨੂੰ ਅਜਿਹੀਆਂ ਗੱਲਾਂ ਵੇਖਣ ਅਤੇ ਸੁਣਨ ਲਈ ਉੱਪਰ ਬੁਲਾਇਆ ਗਿਆ ਸੀ, ਜੋ ਇਨਸਾਨ ਦੀ ਜ਼ਬਾਨ 'ਤੇ ਆਉਣੀਆਂ ਠੀਕ ਨਹੀਂ (2 ਕੁਰਿੰਥੀਆਂ 12:2-4)। ਉਹਨੇ ਯਿਸੂ ਦਾ ਬਿਆਨ ਇਨ੍ਹਾਂ ਸ਼ਬਦਾਂ 'ਚ ਕੀਤਾ:

> [ਯਿਸੂ] ਨੇ ਪਰਮੇਸ਼ੁਰ ਦੇ ਸਰੂਪ ਵਿਚ ਹੋ ਕੇ ਪਰਮੇਸ਼ੁਰ ਦੇ ਤੁੱਲ ਹੋਣਾ ਕਬਜ਼ੇ ਰੱਖਣ ਦੀ ਚੀਜ਼ ਨਾ ਜਾਣਿਆ। ਸਗੋਂ ਉਸਨੇ ਆਪਣੇ ਆਪ ਨੂੰ ਸੱਖਣਾ ਕਰ ਕੇ ਦਾਸ ਦਾ ਰੂਪ ਧਾਰਿਆ ਅਤੇ ਮਨੁੱਖਾਂ ਦੀ ਸੂਰਤ ਵਿਚ ਜੰਮਿਆ। ਅਤੇ ਮਨੁੱਖ ਦੀ ਸ਼ਕਲ ਵਿਚ ਪਰਗਟ ਹੋ ਕੇ ਆਪਣੇ ਆਪ ਨੂੰ ਨੀਵਿਆਂ ਕੀਤਾ ਅਤੇ ਮੌਤ ਤਾਈਂ ਸਗੋਂ ਸਲੀਬ ਦੀ ਮੌਤ ਤਾਈਂ ਆਗਿਆਕਾਰ ਬਣਿਆ (ਫ਼ਿਲਿੱਪੀਆਂ 2:6-8)।

ਇੱਥੇ ਪੌਲੁਸ ਨੇ ਕਿਹਾ ਕਿ ਯਿਸੂ ਕਿਸੇ ਸਮੇਂ ਖ਼ੁਦਾ ਦੇ ਬਰਾਬਰ ਸੀ, ਪਰ ਉਹਨੇ ਆਪਣੇ ਆਪ

ਨੂੰ ਸੱਖਣਾ ਕਰ ਦਿੱਤਾ, ਭਾਵ ਬਰਾਬਰੀ ਦਾ ਹੱਕ ਛੱਡ ਦਿੱਤਾ। ਧਰਤੀ 'ਤੇ ਰਹਿੰਦਿਆਂ ਯਿਸੂ ਇਸ ਗੱਲ ਵਿਚ ਖ਼ੁਦਾ ਦੇ ਬਰਾਬਰ ਸੀ ਕਿ ਖ਼ੁਦਾ ਭਰਪੂਰੀ ਭਾਵ ਖ਼ੁਦਾ ਦੀ ਦੀਆਂ ਸਭ ਸ਼ਕਤੀਆਂ ਉਸ ਵਿਚ ਸਨ। ਉਹ ਕਿਸ ਰੂਪ ਵਿਚ ਖ਼ੁਦਾ ਦੇ ਤੁੱਲ *ਨਹੀਂ* ਸੀ? ਉਸਨੂੰ ਮਨੁੱਖ ਦੀ ਸਮਾਨਤਾ ਵਿਚ ਬਣਾਇਆ ਗਿਆ ਸੀ ਅਤੇ ਹੁਣ ਉਹ ਖ਼ੁਦਾ ਭਾਵ ਆਤਮਾ ਦੀ ਸਮਾਨਤਾ ਵਿਚ ਨਹੀਂ ਸੀ। ਉਹਨੇ ਆਪਣੇ ਆਪ ਨੂੰ ਮਨੁੱਖ ਬਣਾਉਣ ਵੇਲੇ ਇਹ ਸਭ ਛੱਡ ਦਿੱਤਾ ਸੀ। ਇਹੀ ਉਹ ਵਿਆਖਿਆ ਹੈ ਜਿਸਦੀ ਅਸੀਂ ਭਾਲ ਕਰ ਰਹੇ ਸਾਂ ਕਿ ਯਿਸੂ ਮਸੀਹ ਖ਼ੁਦਾ ਹੀ ਸੀ ਜੋ ਮਨੁੱਖਾਂ ਦੀ ਸਮਾਨਤਾ ਵਿਚ ਮਨੁੱਖ ਬਣ ਕੇ ਸਾਡੇ ਦਰਮਿਆਨ ਰਿਹਾ (ਵੇਖੋ ਇਬਰਾਨੀਆਂ 2:14-17)।

ਪੁੱਤਰ ਦੇ ਵਿਖੇ ਪੌਲੁਸ ਨੇ ਅੱਗੇ ਕਿਹਾ:

> ਉਹ ਅਲੱਖ ਪਰਮੇਸ਼ੁਰ ਦਾ ਰੂਪ ਅਤੇ ਸਾਰੀ ਸ੍ਰਿਸ਼ਟ ਵਿੱਚੋਂ ਜੇਠਾ ਹੈ। ਕਿਉਂ ਜੋ ਅਕਾਸ਼ ਅਤੇ ਧਰਤੀ ਉਤਲੀਆਂ ਸਾਰੀਆਂ ਵਸਤਾਂ ਓਸੇ ਤੋਂ ਉਤਪਨ ਹੋਈਆਂ, ਨਾਲੇ ਦਿਸਣ ਵਾਲੀਆਂ, ਨਾਲੇ ਨਾ ਦਿਸਣ ਵਾਲੀਆਂ, ਕੀ ਸਿੰਘਾਸਣ, ਕੀ ਰਿਆਸਤਾਂ, ਕੀ ਹਕੂਮਤਾਂ, ਕੀ ਅਖ਼ਤਿਆਰ, ਸੱਭੋ ਕੁਝ ਉਸ ਦੇ ਰਾਹੀਂ ਅਤੇ ਓਸੇ ਲਈ ਉਤਪਨ ਹੋਇਆ ਹੈ। ਅਤੇ ਉਹ ਸਭ ਤੋਂ ਪਹਿਲਾਂ ਹੈ ਅਰ ਸੱਭੋ ਕੁਝ ਓਸੇ ਵਿਚ ਕਾਇਮ ਰਹਿੰਦਾ ਹੈ (ਕੁਲੁੱਸੀਆਂ 1:15-17)।

ਯਿਸੂ ਦੇ ਖ਼ੁਦਾ ਹੋਣ ਵਿਚ ਯਕੀਨ ਨਾ ਕਰਨ ਵਾਲੇ ''ਸਾਰੀ ਸ੍ਰਿਸ਼ਟ ਵਿਚ ਜੇਠਾ'' ਸ਼ਬਦ ਦਾ ਅਰਥ ਕੱਢਣ ਲਈ ''ਸਭ ਤੋਂ ਪਹਿਲਾਂ ਬਣਾਇਆ ਗਿਆ ਜੀਵ'' ਦੀ ਵਰਤੋਂ ਕਰਦੇ ਹਨ। ਅਗਲਾ ਵਾਕ ਇਹ ਵਜ੍ਹਾ ਦੱਸਣ ਲਈ ਦਿੱਤਾ ਗਿਆ ਹੈ ਕਿ ਉਹ ''ਸਾਰੀ ਸ੍ਰਿਸ਼ਟ ਵਿਚ ਜੇਠਾ'' ਕਿਉਂ ਹੈ, ਕਿਉਂਕਿ ਸਭ ਕੁਝ ਓਸੇ ਦੇ ਰਾਹੀਂ ਬਣਾਇਆ ਗਿਆ ਸੀ। ''ਜੇਠਾ'' ਸ਼ਬਦ ਤੋਂ ਭਾਵ ਪਹਿਲਾਂ ਪੈਦਾ ਹੋਣ ਵਾਲੇ ਦੇ ਨਾਲ-ਨਾਲ ਵਾਰਸ ਅਤੇ ਪ੍ਰਭੂ ਵੀ ਹੈ। ਯਿਸੂ ਸਾਰੇ ਸੰਸਾਰ ਦਾ ਪ੍ਰਭੂ ਹੈ, ਕਿਉਂਕਿ ਸਭ ਕੁਝ ਓਸੇ ਦੇ ਵਸੀਲੇ ਨਾਲ ਬਣਾਇਆ ਗਿਆ ਹੈ। ਇਹ ਵਿਆਖਿਆ ਸਹੀ ਲਗਦੀ ਹੈ, ਹੋਰ ਨਹੀਂ। ''ਉਹ ਸਭ ਤੋਂ ਪਹਿਲਾਂ ਹੈ'' ਤੋਂ ਭਾਵ ਸਭ ਸਾਜੀਆਂ ਗਈਆਂ ਵਸਤਾਂ ਤੋਂ ਪਹਿਲਾਂ ਹੈ। ਇਹ ਗੱਲ ਉਹਦੇ ਖ਼ੁਦਾ ਹੋਣ ਦਾ ਤਰਕ ਦਿੰਦੀ ਹੈ ਕਿ ਉਹ ਸਭ ਸਾਜੀਆਂ ਗਈਆਂ ਵਸਤਾਂ ਤੋਂ ਪਹਿਲਾ ਸੀ। ''ਸੱਭੋ ਕੁਝ ਓਸੇ ਵਿਚ ਕਾਇਮ ਰਹਿੰਦਾ ਹੈ।'' ਕਿਸੇ ਸਿਰਜੇ ਗਏ ਜੀਵ ਲਈ ਇਹ ਗੱਲ ਨਹੀਂ ਕਹੀ ਜਾ ਸਕਦੀ, ਪਰ ਉਹਦੇ ਲਈ ਆਖੀ ਜਾ ਸਕਦੀ ਹੈ, ਜਿਹਨੇ ਸਭ ਕੁਝ ਬਣਾਇਆ।

ਆਓ, ਅੱਗੇ ਪੌਲੁਸ ਦੀ ਗੱਲ 'ਤੇ ਵਿਚਾਰ ਕਰਦੇ ਹਾਂ ਜੋ ਐਨੀ ਸਪੱਸ਼ਟ ਹੈ ਕਿ ਉਸ 'ਤੇ ਸ਼ੱਕ ਕਰਨ ਜਾਂ ਉਸ ਨੂੰ ਨਾ ਸਮਝਣ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ। ਯਹੂਦੀਆਂ ਨਾਲ ਗੱਲ ਕਰਦਿਆਂ ਉਹਨੇ ਕਿਹਾ, ''ਮਸੀਹ ਉਨ੍ਹਾਂ ਵਿੱਚੋਂ ਹੋਇਆ ਜਿਹੜਾ ਸਭਨਾਂ ਉੱਤੇ ਪਰਮੇਸ਼ੁਰ ਯੁੱਗੋ ਯੁੱਗ ਮੁਬਾਰਕ ਹੈ, ਆਮੀਨ!'' (ਰੋਮੀਆਂ 9:5)। ਮੌਜੂਦਾ ਅਨੁਵਾਦ ਵਿਚ ਇਸ ਆਇਤ ਦਾ ਸਾਫ਼ ਅਨੁਵਾਦ ਹੈ ਕਿ ਮਸੀਹ ਉਹਦੀ ਯਹੂਦੀ ਕੁਲਪੱਤਰੀ ਰਾਹੀਂ ਦਿੱਤੇ ਗਏ ਸਰੀਰ ਵਿਚ ਖ਼ੁਦਾ ਹੈ। ਉਹ ਖ਼ੁਦਾ ਹੈ, ਇਸ ਕਰਦੇ ਯਹੂਦੀਆਂ ਵੱਲੋਂ ਉਹਨੂੰ ਸਰਾਪ ਦਿੱਤੇ ਜਾਂਦੇ ਹਨ, ਜਦਕਿ ਉਹ ਉਨ੍ਹਾਂ ਦੀਆਂ ਬਰਕਤਾਂ ਦਾ ਹੱਕਦਾਰ ਹੈ।

ਰਸੂਲ ਪੌਲੁਸ ਨੇ ਯਿਸੂ ਦੇ ਜੀ ਉੱਠਣ ਨੂੰ ਇਸ ਗੱਲ ਦਾ ਸਭ ਤੋਂ ਵੱਡਾ ਸਬੂਤ ਮੰਨਿਆ

ਕਿ ਉਹ ਖ਼ੁਦਾ ਦਾ ਪੁੱਤਰ ਭਾਵ ਦੇਹ ਵਿਚ ਖ਼ੁਦਾ ਸੀ। ਦੋ ਵਾਰ ਖ਼ੁਦਾ ਨੇ ਸੁਰਗ 'ਤੋਂ ਇਹ ਕਿਹਾ ਸੀ, ''ਇਹ ਮੇਰਾ ਪਿਆਰਾ ਪੁੱਤਰ ਹੈ'' (ਮੱਤੀ 3:17; 17:5; ਮਰਕੁਸ 9:7; ਵੇਖੋ ਲੂਕਾ 9:35), ਪਰ ਯਹੂਦੀਆਂ ਨੇ ਉਸ 'ਤੇ ਵਿਸ਼ਵਾਸ ਕਰਨੋਂ ਨਾਂਹ ਕਰ ਦਿੱਤੀ ਸੀ। ਯਿਸੂ ਨੇ ਅਜਿਹੇ ਮੋਅਜ਼ਜੇ ਕੀਤੇ ਜੋ ਕੋਈ ਮਨੁੱਖ ਨਹੀਂ ਕਰ ਸਕਦਾ ਸੀ, ਪਰ ਫਿਰ ਵੀ ਉਨ੍ਹਾਂ ਨੇ ਉਸ 'ਤੇ ਯਕੀਨ ਨਹੀਂ ਕੀਤਾ। ਉਹਨੇ ਸਹੁੰ ਖਾ ਕੇ ਸਾਬਿਤ ਕੀਤਾ ਸੀ ਕਿ ਉਹ ਖ਼ੁਦਾ ਦਾ ਪੁੱਤਰ ਹੈ; ਪਰ ਉਹਦੀ ਗਵਾਹੀ ਮੰਨਣ ਦੀ ਬਜਾਇ ਉਨ੍ਹਾਂ ਉਸ ਨੂੰ ਕੁਫ਼ਰ ਬਕਣ ਵਾਲਾ ਆਖ ਕੇ ਸਲੀਬ ਚੜ੍ਹਾ ਦਿੱਤਾ ਸੀ, ਸੁਰਗ ਦੇ ਮਹਾਨ ਖ਼ੁਦਾ ਨੇ ਧਰਤੀ ਦੀਆਂ ਵੱਡੀਆ-ਵੱਡੀਆਂ ਅਦਾਲਤਾਂ ਦਾ ਫ਼ੈਸਲਾ ਪਲਟ ਦਿੱਤਾ ਭਾਵ ਮਸੀਹ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕਰਕੇ ਉਹਨੇ ਐਲਾਨ ਕਰ ਦਿੱਤਾ ਕਿ ਉਹ ਉਹਦਾ ਪੁੱਤਰ ਹੈ!

ਖ਼ੁਦਾ ਦੀ ਇੰਜੀਲ ਦੀ ਗੱਲ ਕਰਦਿਆਂ ਪੌਲੁਸ ਨੇ ਲਿਖਿਆ:

> ... ਆਪਣੇ ਪੁੱਤਰ ... ਜਿਹੜਾ ਸਰੀਰ ਦੇ ਸਰਬੰਧ ਕਰਕੇ ਦਾਊਦ ਦੀ ਅੰਸ ਵਿੱਚੋਂ ਉਤਪਨ ਹੋਇਆ ਅਤੇ ਪਵਿੱਤਰਤਾਈ ਦੇ ਆਤਮਾ ਦੇ ਸਬੰਧ ਕਰਕੇ ਮੁਰਦਿਆਂ ਵਿੱਚੋਂ ਜੀ ਉੱਠਣ ਤੋਂ ਪਰਮੇਸ਼ੁਰ ਦਾ ਪੁੱਤਰ ਸਾਡਾ ਪ੍ਰਭੂ ਯਿਸੂ ਮਸੀਹ ਮਿਥਿਆ ਗਿਆ (ਰੋਮੀਆਂ 1:3, 4)।

ਇੱਥੇ ਪੌਲੁਸ ਨੇ ਸਾਡੇ ਪ੍ਰਭੂ ਯਿਸੂ ਮਸੀਹ ਨੂੰ ਖ਼ੁਦਾ ਦਾ ਪੁੱਤਰ ਆਖਿਆ ਹੈ। ਇਹ ਪੁੱਤਰ ਦਾਊਦ ਦੇ ਰਾਹੀਂ ਮਨੁੱਖ ਬਣਿਆ ਸੀ, ਪਰ ਉਹਦੇ ਜੀ ਉੱਠਣ ਨਾਲ ਇਹ ਐਲਾਨ ਕਰ ਦਿੱਤਾ ਗਿਆ ਹੈ ਕਿ ਉਹ ਮਨੁੱਖ ਤੋਂ ਉੱਪਰ ਸੀ। ਉਹਨੂੰ ਇਹ ਆਖਣ ਕਰਕੇ ਸਲੀਬ ਚਾੜ੍ਹਿਆ ਗਿਆ ਸੀ ਕਿ ਉਹ ਖ਼ੁਦਾ ਦਾ ਪੁੱਤਰ ਹੈ, ਭਾਵ ਇਕ ਕਿ ਭਾਵੇਂ ਉਹ ਦਾਊਦ ਦੀ ਸੰਤਾਨ ਸੀ, ਪਰ ਉਹਦਾ ਰਿਸ਼ਤਾ ਉਸ ਨਾਲੋਂ ਵੀ ਵਧ ਕੇ ਸੀ। ਉਹਦਾ ਖ਼ੁਦਾ ਹੋਣਾ ਦਾਊਦ ਨਾਲ ਉਹਦੇ ਸਬੰਧ ਨਾਲ ਨਹੀਂ, ਬਲਕਿ ਖ਼ੁਦਾ ਨਾਲ ਉਹਦੇ ਸਬੰਧ ਕਰਕੇ ਸੀ। ਖ਼ੁਦਾ ਨੇ ਯਿਸੂ ਦੇ ਦਾਅਵੇ ਦਾ ਸਨਮਾਨ ਉਹਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕਰ ਕੇ ਕੀਤਾ ਸੀ। ਇਹ ਆਇਤ ਯਿਸੂ ਮਸੀਹ ਦੇ ਮਨੁੱਖ ਅਤੇ ਖ਼ੁਦਾ ਹੋਣ ਦੇ ਸਬੂਤ ਵਿਚ ਮਜ਼ਬੂਤ ਚੱਟਾਨ ਵਾਂਗ ਹੈ। ਇਹ ''ਯਿਸ ਮਸੀਹ ਸਾਡੇ ਪ੍ਰਭੂ'' ਵਿਚ ਮਨੁੱਖ ਅਤੇ ਪਰਮੇਸ਼ੁਰ ਨੂੰ ਇਹ ਆਖਦਿਆਂ ਮਿਲਾ ਦਿੰਦੀ ਹੈ ਕਿ ਉਹ ਪਰਮੇਸ਼ੁਰ ਦਾ ਪੁੱਤਰ ਹੈ।

ਦੇਹ ਧਾਰੀ ਹੋਣ ਬਾਰੇ ਪੌਲੁਸ ਨੇ ਕਿਹਾ ਕਿ ਯਿਸੂ ਦਾਊਦ ਦੀ ਸੰਤਾਨ ਵਿੱਚੋਂ ''ਪੈਦਾ'' ਹੋਇਆ ਸੀ। ਜਨਮ ਤੋਂ ਆਰੰਭ ਦਾ ਸੰਕੇਤ ਮਿਲਦਾ ਹੈ। ਪਰ ਮਸੀਹ ਦੇ ਆਤਮਾ ਲਈ ਪੌਲੁਸ ਨੇ ਆਖਿਆ ਕਿ ਉਹ ਖ਼ੁਦਾ ਦਾ ਪੁੱਤਰ ''ਐਲਾਨਿਆ ਗਿਆ ਸੀ।'' ਯਿਸੂ ਨਾਸਰੀ ਵਿਚ ਅਸੀਂ ਉਸ ਮਨੁੱਖਤਾ ਨੂੰ ਮਿਲਦਿਆਂ ਵੇਖਦੇ ਹਾਂ ਜਿਸ ਦੀ ਸ਼ੁਰੂਆਤ ਆਪਣੇ ਜਨਮ ਅਤੇ ਖ਼ੁਦਾਈ ਵੇਲੇ ਸੀ ਭਾਵ ਜੋ ਖ਼ੁਦਾ ਦਾ ਸੀ, ਖ਼ੁਦਾ ਸੀ। ਓਸੇ ਵਿਚ ਅਤੇ ਸਿਰਫ਼ ਓਸੇ ਵਿਚ ਅਸੀਂ ਖ਼ੁਦਾ ਨੂੰ ਮਨੁੱਖ ਬਣਿਆ ਵੇਖਦੇ ਹਾਂ।

## ਯਿਸੂ ਦੇ ਕੰਮ ਉਹਦੇ ਖ਼ੁਦਾ ਹੋਣ ਦਾ ਐਲਾਨ ਕਰਦੇ ਹਨ

ਧਰਤੀ ਤੇ ਰਹਿੰਦਿਆਂ ਯਿਸੂ ਨੇ ਜਿਹੜੇ ਕੰਮ ਕੀਤੇ, ਉਹ ਉਹਦੇ ਆਪਣੇ ਕਹਿਣ ਮੁਤਾਬਕ ਅਜਿਹੇ ਕੰਮ ਸਨ ਜੋ ਕਦੇ ਕਿਸੇ ਹੋਰ ਨੇ ਨਹੀਂ ਕੀਤੇ ਸਨ। ਉਹਨੇ ਕਿਹਾ, ''ਜੇ ਮੈਂ ਉਨ੍ਹਾਂ ਵਿਚ ਉਹ ਕੰਮ ਨਾ ਕਰਦਾ ਜੋ ਹੋਰ ਕਿਨੇ ਨਹੀਂ ਕੀਤੇ ਤਾਂ ਉਨ੍ਹਾਂ ਦਾ ਪਾਪ ਨਾ ਹੁੰਦਾ ਪਰ ਹੁਣ ਤਾਂ ਉਨ੍ਹਾਂ

ਨੇ ਮੈਨੂੰ ਅਤੇ ਨਾਲੇ ਮੇਰੇ ਪਿਤਾ ਨੂੰ ਵੇਖਿਆ ਅਤੇ ਸਾਡੇ ਨਾਲ ਵੈਰ ਵੀ ਕੀਤਾ ਹੈ'' (ਯੂਹੰਨਾ 15:24ੳ)। ਉਹਨੇ ਖ਼ੁਦਾ ਹੋਣ ਲਈ ਆਪਣੇ ਕੰਮਾਂ ਨੂੰ ਕਾਫ਼ੀ ਮੰਨਿਆ; ਉਹਨੇ ਕਿਹਾ, ''ਪਰ ਜਿਹੜੀ ਸਾਖੀ ਮੇਰੇ ਕੋਲ ਹੈ ਉਹ ਯੂਹੰਨਾ ਦੀ ਸਾਖੀ ਨਾਲੋਂ ਵੱਡੀ ਹੈ ਕਿਉਂਕਿ ਜੋ ਕੰਮ ਪਿਤਾ ਨੇ ਮੈਨੂੰ ਸੰਪੂਰਣ ਕਰਨ ਲਈ ਸੌਂਪੇ ਹਨ ਅਰਥਾਤ ਇਹੋ ਕੰਮ ਜੋ ਮੈਂ ਕਰਦਾ ਹਾਂ ਸੋਈ ਮੇਰੇ ਹੱਕ ਵਿਚ ਸਾਖੀ ਦਿੰਦੇ ਹਨ ਕਿ ਪਿਤਾ ਨੇ ਮੈਨੂੰ ਘੱਲਿਆ ਹੈ'' (ਯੂਹੰਨਾ 5:36)। ਇਹ ਕੰਮ ਕਾਫ਼ੀ ਹੀ ਨਹੀਂ ਬਲਕਿ ਜ਼ਬਰਦਸਤ ਗਵਾਹੀ ਦਿੰਦੇ ਹਨ ਕਿ ਮਸੀਹ ਖ਼ੁਦਾ ਹੈ। ਵਿਸ਼ਵਾਸ ਨਾ ਕਰਨ ਵਾਲੇ ਹਰ ਕਿਸੇ ਨੂੰ ਸਜ਼ਾ ਦਿੱਤੀ ਜਾਂਦੀ ਹੈ। ਉਹਨੇ ਕਿਹਾ, ''ਤੁਸੀਂ ਆਪਣੇ ਪਾਪਾਂ ਵਿਚ ਮਰੋਗੇ ਕਿਉਂਕਿ ਜੇ ਤੁਸੀਂ ਪਰਤੀਤ ਨਾ ਕਰੋ ਕਿ ਮੈਂ ਉਹੋ ਹਾਂ ਤਾਂ ਆਪਣੇ ਪਾਪਾਂ ਵਿਚ ਮਰੋਗੇ'' (ਯੂਹੰਨਾ 8:24)।

## ਬਦਰੂਹਾਂ 'ਤੇ ਸ਼ਕਤੀ

ਯਿਸੂ ਵੱਲੋਂ ਬਦਰੂਹਾਂ 'ਤੇ ਵਿਖਾਈ ਸ਼ਕਤੀ ਉਹਦੇ ਮਨੁੱਖ ਤੋਂ ਵੱਧ ਹੋਣ ਦਾ ਸਬੂਤ ਹੈ। ਜਦ ਉਸ 'ਤੇ ਬਾਲ-ਜ਼ਬੂਲ ਦੀ ਮਦਦ ਨਾਲ ਬਦਰੂਹਾਂ ਕੱਢਣ ਦਾ ਇਲਜ਼ਾਮ ਲਾਇਆ ਗਿਆ, ਤਾਂ ਉਹਨੇ ਜਵਾਬ ਦਿੱਤਾ ਸੀ, ''ਕੋਈ ਕਿਸੇ ਜ਼ੋਰਾਵਰ ਦੇ ਘਰ ਵਿਚ ਵੜ ਕੇ ਉਹਦਾ ਅਸਬਾਬ ਲੁੱਟ ਨਹੀਂ ਸਕਦਾ ਜੇ ਪਹਿਲਾਂ ਉਸ ਜ਼ੋਰਾਵਰ ਨੂੰ ਬੰਨ੍ਹ ਨਾ ਲਵੇ, ਤਦ ਉਹ ਉਸਦਾ ਘਰ ਲੁੱਟੇਗਾ'' (ਮਰਕੁਸ 3:27)। ਇੱਥੇ ਉਹਨੇ ਉਸ ਸ਼ਕਤੀ ਦੇ ਹੋਣ ਦਾ ਦਾਅਵਾ ਕੀਤਾ ਜੋ ਮਨੁੱਖ ਵਿਚ ਨਹੀਂ ਹੋ ਸਕਦੀ।

ਯਿਸੂ ਦੀ ਮੌਜੂਦਗੀ ਹੀ ਬਦਰੂਹਾਂ ਨੂੰ ਪਰੇਸ਼ਾਨ ਕਰਨ ਵਾਲੀ ਸੀ। ਕਫ਼ਰਨਾਹੂਮ ਦੇ ਇਕ ਸਿਨਾਗੋਗ ਵਿਚ ਇਕ ਬਦਰੂਹ ਇਹ ਆਖਦਿਆਂ ਡੰਡ ਪਾ ਰਹੀ ਸੀ, ''ਹੇ ਯਿਸੂ ਨਾਸਰੀ ਤੇਰਾ ਸਾਡੇ ਨਾਲ ਕੀ ਵਾਸਤਾ? ਕੀ ਤੂੰ ਸਾਡਾ ਨਾਸ ਕਰਨ ਆਇਆ ਹੈਂ? ਮੈਂ ਤੈਨੂੰ ਜਾਣਦਾ ਹਾਂ ਜੋ ਤੂੰ ਕੌਣ ਹੈਂ। ਤੂੰ ਪਰਮੇਸ਼ੁਰ ਦਾ ਪਵਿੱਤਰ ਪੁਰਖ ਹੈਂ!'' (ਮਰਕੁਸ 1:24ਅ)। ਇਕ ਹੋਰ ਬਦਰੂਹ ਨੇ ਆਖਿਆ ਸੀ, ''ਤੂੰ ਪਰਮੇਸ਼ੁਰ ਦਾ ਪੁੱਤਰ ਹੈਂ!'' (ਮਰਕੁਸ 3:11ਅ)। ਬਦਰੂਹਾਂ ਨੇ ਉਹਨੂੰ ਆਪਣੀ ਬਰਬਾਦੀ ਕਰਨ ਵਾਲੇ ਦੇ ਰੂਪ ਵਿਚ ਪਛਾਣਿਆ ਸੀ ਕਿਉਂਕਿ ਉਨ੍ਹਾਂ ਨੇ ਆਖਿਆ, ''ਹੇ ਪਰਮੇਸ਼ੁਰ ਦੇ ਪੁੱਤਰ ਤੇਰਾ ਸਾਡੇ ਨਾਲ ਕੀ ਕੰਮ? ਕੀ ਤੂੰ ਵੇਲਿਓਂ ਪਹਿਲਾਂ ਸਾਨੂੰ ਦੁੱਖ ਦੇਣ ਐਥੇ ਆਇਆ ਹੈਂ?'' (ਮੱਤੀ 8:29)। ਇਹ ਸਾਬਿਤ ਕਰਨ ਤੋਂ ਇਲਾਵਾ ਕਿ ਉਹਦੀ ਮੁਕਤੀ ਪਰਮੇਸ਼ੁਰ ਦੀ ਮੁਕਤੀ ਤੋਂ ਘੱਟ ਨਹੀਂ ਸੀ, ਇਹ ਆਇਤਾਂ ਵਿਖਾਉਂਦੀਆਂ ਹਨ ਕਿ ਬਦਰੂਹਾਂ ਵੀ ਯਿਸੂ ਮਸੀਹ ਨੂੰ ਖ਼ੁਦਾ ਦੇ ਪੁੱਤਰ ਦੇ ਰੂਪ ਵਿਚ ਪਛਾਣਦੀਆਂ ਸਨ, ਜਿਸਦਾ ਸਾਹਮਣਾ ਉਨ੍ਹਾਂ ਨੂੰ ਸਜ਼ਾ ਮਿਲਣ ਵੇਲੇ ਕਰਨਾ ਪਵੇਗਾ।

## ਪਾਪ ਮਾਫ਼ ਕਰਨ ਦੀ ਸ਼ਕਤੀ

ਜਦ ਯਿਸੂ ਧਰਦੀ 'ਤੇ ਸੀ, ਤਾਂ ਉਹਨੇ ਲੋਕਾਂ ਦੇ ਪਾਪ ਮਾਫ਼ ਕੀਤੇ, ਜਿਸ ਕਰਕੇ ਗ੍ਰੰਥੀਆਂ ਅਤੇ ਫ਼ਰੀਸੀਆਂ ਨੇ ਲੂਕਾ 5:20, 21 ਵਿਚ ਬਿਲਕੁਲ ਸਹੀ ਕਿਹਾ ਕਿ ਖ਼ੁਦਾ ਤੋਂ ਇਲਾਵਾ ਹੋਰ ਕੋਈ ਅਜਿਹਾ ਨਹੀਂ ਕਰ ਸਕਦਾ ਸੀ। ਯਿਸੂ ਵੱਲੋਂ ਇਕ ਆਦਮੀ ਨੂੰ ''ਤੇਰੇ ਪਾਪ ਮਾਫ਼ ਹੋਏ'' ਆਖਣ 'ਤੇ ਉਨ੍ਹਾਂ ਉਸ 'ਤੇ ਕੁਫ਼ਰ ਬਕਣ ਦਾ ਇਲਜ਼ਾਮ ਲਾਇਆ ਸੀ। ਉਹਨੇ ਉਸ ਆਦਮੀ ਨੂੰ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਇਹ ਸਾਬਿਤ ਕਰਨ ਲਈ ਚੰਗਾਈ ਦਿੱਤੀ ਸੀ ਕਿ

ਉਸ ਵਿਚ ਪਾਪ ਮਾਫ਼ ਕਰਨ ਦੀ ਸ਼ਕਤੀ ਹੈ (ਮੱਤੀ 9:2-8 ਅਤੇ ਮਰਕੁਸ 2:1-12 ਵੀ ਵੇਖੋ)। ਇਸ ਘਟਨਾ ਤੋਂ ਦੋ ਸੱਚਾਈਆਂ ਸਾਬਿਤ ਹੁੰਦੀਆਂ ਹਨ। ਪਹਿਲੀ, ਇਹ ਕਿ ਜਿਹੜਾ ਬੰਦਾ ਆਪਣੀ ਹੀ ਸ਼ਕਤੀ ਨਾਲ, ਬੀਮਾਰ ਨੂੰ ਚੰਗਾਈ ਦੇ ਸਕਦਾ ਹੈ ਉਹ ਪਾਪ ਵੀ ਮਾਫ਼ ਕਰ ਸਕਦਾ ਹੈ। ਦੂਜੀ, ਇਹ ਕਿ ਯਿਸੂ ਪਾਪਾਂ ਦੀ ਮਾਫ਼ੀ ਦੇ ਸਕਦਾ ਸੀ (ਜੋ ਕਿ ਖ਼ੁਦਾ ਤੋਂ ਇਲਾਵਾ ਹੋਰ ਕੋਈ ਨਹੀਂ ਦੇ ਸਕਦਾ), ਇਹਦਾ ਮਤਲਬ ਹੈ ਕਿ ਉਹ ਖ਼ੁਦਾ ਹੈ।

**ਬੇਇੰਤਹਾ ਸ਼ਕਤੀ**

ਤੂਫ਼ਾਨ ਨੂੰ ਥੰਮ੍ਹਣ, ਰੋਟੀ ਅਤੇ ਮੱਛੀ ਦੇ ਟੁਕੜਿਆਂ ਨਾਲ ਹਜ਼ਾਰਾਂ ਲੋਕਾਂ ਨੂੰ ਪੇਟ ਭਰ ਕੇ ਖੁਆਉਣ ਅਤੇ ਫਿਰ ਉਨ੍ਹਾਂ ਟੁਕੜਿਆਂ ਦੇ ਬਾਰਾਂ ਟੋਕਰੇ ਇਕੱਠੇ ਕਰਨ, ਪਾਣੀ 'ਤੇ ਚੱਲਣ ਅਤੇ ਮੁਰਦਿਆਂ ਨੂੰ ਜ਼ਿੰਦਾ ਕਰਨ ਦੀਆਂ ਗੱਲਾਂ ਵਿਸਥਾਰ ਨਾਲ ਦੱਸਣ ਦਾ ਵਕਤ ਨਹੀਂ ਹੈ। ਇਨ੍ਹਾਂ ਸਭ ਘਟਨਾਵਾਂ 'ਤੇ ਅਧਾਰਤ ਨਿਚੋੜ ਇਹੀ ਹੈ ਕਿ ਯਿਸੂ ਦੇਹਧਾਰੀ ਹੋਇਆ, ਪਰਮੇਸ਼ੁਰ ਸੀ। ਅੱਜ ਤਕ ਕੋਈ ਮਨੁੱਖ ਅਜਿਹਾ ਮੋਅਜਜ਼ਾ ਨਹੀਂ ਕਰ ਸਕਿਆ, ਸਿਵਾਇ ਉਹਦੇ ਜਦ ਯਿਸੂ ਮਸੀਹ ਨਾਸਰੀ ਦੇ ਨਾਂਅ ਨਾਲ ਅਜਿਹਾ ਕੀਤਾ ਗਿਆ (ਜਿਵੇਂ ਰਸੂਲਾਂ ਦੇ ਕੰਮ 3:6 ਵਿਚ ਸੋਹਣਾ ਨਾਮਕ ਫਾਟਕ 'ਤੇ ਪਤਰਸ ਨੇ ਇਕ ਲੰਗੜੇ ਮੰਗਤੇ ਨੂੰ ਚੰਗਾ ਕੀਤਾ ਸੀ)। ਇਸ ਕਰਕੇ ਸਾਡਾ ਨਿਚੋੜ ਸਹੀ ਹੈ ਕਿ ਯਿਸੂ ਮਨੁੱਖ ਦੇ ਰੂਪ ਵਿਚ ਪਰਗਟ ਹੋਇਆ ਖ਼ੁਦਾ ਹੈ। ਦੇਹ ਵਿਚ ਰਹਿੰਦਿਆਂ ਅਜਿਹੀ ਸ਼ਕਤੀ ਕਦੇ ਕਿਸੇ ਕੋਲ ਨਹੀਂ ਹੋਈ।

## ਸਾਰ

ਇਹ ਵਿਸ਼ਾ ਕਿ ਯਿਸੂ ਖ਼ੁਦਾ ਦਾ ਪੁੱਤਰ ਹੈ, ਭਾਵ ਉਹ ਦੇਹ ਵਿਚ ਪਰਗਟ ਹੋਇਆ ਪਰਮੇਸ਼ੁਰ ਹੈ, ਇੰਜੀਲ ਦਾ ਸਾਰ ਹੈ। ਇਹ ਉਹ ਬੁਨਿਆਦ ਹੈ ਜਿਸ 'ਤੇ ਬਾਕੀ ਸਭ ਗੱਲਾਂ ਟਿਕੀਆਂ ਹੋਈਆਂ ਹਨ। ਇਸ ਸੱਚਾਈ ਤੋਂ ਸਾਨੂੰ ਅਜ਼ਮਾਇਸ਼ ਦੀ ਘੜੀ ਵਿਚ ਕਾਇਮ ਰਹਿਣ ਲਈ ਬਹੁਤ ਸਾਰੀਆਂ ਸਿੱਖਿਆਵਾਂ ਮਿਲਦੀਆਂ ਹਨ।

ਪਹਿਲੀ, ਯਹੂਦੀ ਧਰਮ 'ਤੇ ਮਸੀਹੀਅਤ ਦੀ ਉੱਤਮਤਾ ਇਸ ਅਧਾਰ 'ਤੇ ਹੈ ਕਿ ਯਿਸੂ ਮੂਸਾ ਨਾਲੋਂ ਵੱਡਾ ਹੈ। ਯਿਸੂ ਖ਼ੁਦਾ ਦਾ ਪੁੱਤਰ ਹੈ, ਜਦਕਿ ਮੂਸਾ ਨਹੀਂ। ਇਬਰਾਨੀਆਂ ਦੀ ਕਿਤਾਬ ਵਿਚ ਇਸ 'ਤੇ ਵਿਸਥਾਰ ਨਾਲ ਚਰਚਾ ਮਿਲਦੀ ਹੈ।

ਦੂਜੀ, ਫ਼ਰਿਸ਼ਤਿਆਂ ਨਾਲੋਂ ਵੱਧ ਵਡਿਆਈ ਪਾਉਣ ਦੀ ਸਾਡੀ ਆਸ ਇਸ ਸੱਚਾਈ ਤੇ ਕਾਇਮ ਹੈ ਕਿ ਯਿਸੂ ਦੇਹ ਵਿਚ ਖ਼ੁਦਾ ਸੀ। ਉਹ ਸਾਡੇ ਲਈ ਇਕ ਨਮੂਨਾ ਹੈ; ਉਹ ਸਬੂਤ ਦੇ ਤੌਰ 'ਤੇ ਪਹਿਲਾ ਫਲ ਹੈ ਕਿ ਸਾਨੂੰ ਵੀ ਓਸੇ ਤਰ੍ਹਾਂ ਉੱਚਿਆਂ ਕੀਤਾ ਜਾਵੇਗਾ (1 ਕੁਰਿੰਥੀਆਂ 15:20-22; 1 ਪਤਰਸ 5:6)। ਉਹਦੇ ਨਾਲ ਸਾਨੂੰ ਉਹ ਮੀਰਾਸ ਮਿਲੇਗੀ ਜੋ ਅਵਿਨਾਸ਼ੀ, ਨਿਰਮਲ ਅਤੇ ਨਾ ਕੁਮਲਾਉਣ ਵਾਲੀ ਹੈ, ਯਾਨੀ ਸਾਡੇ ਲਈ ਸੁਰਗ ਵਿਚ ਰੱਖੀ ਹੋਈ ਹੈ (1 ਪਤਰਸ 1:4)।

ਤੀਜੀ, ਖ਼ੁਦਾ ਦਾ ਦੇਹ ਧਾਰੀ ਹੋਣਾ ਅਤੇ ਮਨੁੱਖ ਦੇ ਵਿਚ ਰਹਿਣਾ ਗੁਆਚੇ ਹੋਇਆਂ ਲਈ ਉਹਦੇ ਪਿਆਰ ਨੂੰ ਵਿਖਾਉਂਦਾ ਹੈ। ਇਥੇ ਸਾਨੂੰ ਲੋਕਾਂ ਨੂੰ ਲੱਭਦਿਆਂ ਖ਼ੁਦਾ ਦਾ ਚਿਤਰਣ ਮਿਲਦਾ ਹੈ। ਖ਼ੁਦਾ ਦੀ ਭਾਲ ਕਰਨ ਦੇ ਇਨਸਾਨ ਦੇ ਫ਼ਰਜ਼ ਬਾਰੇ ਬਹੁਤ ਕੁਝ ਕਿਹਾ ਗਿਆ ਹੈ; ਪਰ ਖ਼ੁਦਾ ਨੂੰ ਖੋਜਣ ਦਾ ਮਨੁੱਖ ਦਾ ਫ਼ਰਜ਼ ਇਸੇ ਕਰਕੇ ਬਣਿਆ ਕਿਉਂਕਿ ਖ਼ੁਦਾ ਗੁਆਚਿਆਂ ਹੋਇਆਂ

ਨੂੰ ਭਾਲਣ ਅਤੇ ਉਨ੍ਹਾਂ ਨੂੰ ਬਚਾਉਣ ਲਈ ਆਇਆ ਸੀ (ਲੂਕਾ 19:10)। ਇਹ ਦਿਲਚਸਪ ਗੱਲ ਹੈ ਕਿ ਖ਼ੁਦਾ ਦਾ ਪੁੱਤਰ ਉਨ੍ਹਾਂ ਫ਼ਰਿਸ਼ਤਿਆਂ ਤੋਂ ਉੱਪਰ ਨਿੱਕਲ ਗਿਆ ਜੋ ਡਿੱਗੇ ਸਨ ਅਤੇ ਉਹਨੇ ਉਨ੍ਹਾਂ ਦੀ ਮਦਦ ਨਹੀਂ ਕੀਤੀ, ਪਰ ਉਹ ''ਅਬਰਾਹਾਮ ਦੀ ਅੰਸ ਦੀ ਸਹਾਇਤਾ ਕਰਦਾ ਹੈ'' (ਇਬਰਾਨੀਆਂ 2:16)। ਉਹਨੇ ਫਰਿਸ਼ਤਿਆਂ ਨਾਲ ਨਹੀਂ ਬਲਕਿ ਮਨੁੱਖ ਨਾਲ ਪਿਆਰ ਕੀਤਾ ਅਤੇ ਉਸ ਨੂੰ ਉੱਚਿਆਂ ਕੀਤਾ।

ਚੌਥੀ, ਖ਼ੁਦਾ ਦਾ ਦੇਹਧਾਰੀ ਹੋਣਾ ਮਨੁੱਖਾਂ ਵਿਚ ਰਹਿਣ ਅਤੇ ਮਨੁੱਖ ਲਈ ਮਰਨਾ ਇਹ ਵਿਖਾਉਂਦਾ ਹੈ ਕਿ ਖ਼ੁਦਾ ਦੀ ਨਜ਼ਰ ਵਿਚ ਮਨੁੱਖ ਦੀ ਅਹਿਮੀਅਤ ਕਿੰਨੀ ਹੈ। ਯਿਸੂ ਨੇ ਯਹੂਦੀਆਂ ਨੂੰ ਸਮਝਾਇਆ ਸੀ ਕਿ ਇਨਸਾਨ ਦੀ ਕੀਮਤ ਚਿੜੀ ਜਾਂ ਭੇਡ ਨਾਲੋਂ ਬਹੁਤੀ ਹੈ। ਇਹ ਤੱਥ ਕਿ ਉਹ ਮਨੁੱਖ ਲਈ ਮਰਿਆ, ਸਾਡੀ ਥਾਂ ਉਹਨੇ ਆਪਣੀ ਜਾਨ ਦੇ ਦਿੱਤੀ, ਇਸ ਗੱਲ ਦਾ ਸੰਕੇਤ ਹੈ ਕਿ ਉਹਨੇ ਆਪਣੀ ਜਾਨ ਨਾਲੋਂ ਬਹੁਤੀ ਅਹਿਮੀਅਤ ਸਾਡੀ ਜਾਨ ਨੂੰ ਦਿੱਤੀ। ਉਹ ਸਾਨੂੰ ਨਰਕ ਤੋਂ ਹੀ ਨਹੀਂ, ਇਸ ਜ਼ਿੰਦਗੀ ਤੇ ਪਾਪ ਤੋਂ ਵੀ ਬਚਾਉਣਾ ਚਾਹੁੰਦਾ ਹੈ, ਤਾਂ ਜੋ ਧਰਤੀ 'ਤੇ ਸਾਡੀ ਜ਼ਿੰਦਗੀ ਸੁਧਰ ਜਾਵੇ। ਜੇ ਅਸੀਂ ਪਾਪ ਵਿਚ ਰਹਿ ਕੇ ਹੀ ਜ਼ਿੰਦਗੀ ਕੱਟਦੇ ਹਾਂ ਤਾਂ ਅਸੀਂ ਕਿਸੇ ਕੰਮ ਦੇ ਨਹੀਂ। ਉਹਦੇ ਲਈ ਜੀਣਾ ਹੀ ਸਾਡੇ ਜੀਣ ਦਾ ਇੱਕੋ ਜ਼ਰ੍ਹੀਆ ਹੈ ਜੋ ਸਾਡੇ ਜੀਣ ਨੂੰ ਲਾਹੇਵੰਦ ਬਣਾਉਂਦਾ ਹੈ।

---

ਟਿੱਪਣੀ

[1]ਜਸਟਿਨ ਮਾਰਟਿਰ *ਡਾਇਲੌਗ ਆਫ਼ ਜਸਟਿਨ, ਫ਼ਿਲਾਸਫ਼ਰ ਐਂਡ ਮਾਰਟਿਰ, ਵਿਦ ਟ੍ਰਾਇਫੋ, ਏ ਜਿਊ* 48. ਅਲੈਗਜ਼ੈਂਡਰ ਰੌਬਰਟਸ ਐਂਡ ਜੇਮਸ ਡੋਨਲਡਸਨ, ਸੰਪਾਦਕ, *ਦ ਐਂਟੀ-ਨਾਇਸੀਨ ਫ਼ਾਦਰਜ਼: ਟ੍ਰਾਂਸਲੇਸ਼ੰਜ਼ ਆਫ਼ ਦ ਰਾਇਟਿੰਗ ਆਫ਼ ਦ ਫ਼ਾਦਰਜ਼ ਡਾਊਨ ਟੂ. ਏ.ਡੀ. 325,* ਸੋਧ ਅਤੇ ਆੱਰ ਏ. ਕਲੀਵਲੈਂਡ ਕੋਕਸ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1957)। [2]ਉਹੀ, 49।

ਇਹ ਪਾਠ ਅਬਿਲੇਨ ਕ੍ਰਿਸਚਿਅਨ ਕਾਲਜ ਲੈਕਚਰਜ਼, 1938 ਤੋਂ ਲਿਆ ਗਿਆ ਸੀ। ਅਬਿਲੇਨ ਕ੍ਰਿਸਚਿਅਨ ਯੂਨੀਵਰਸਿਟੀ ਦੇ ਨਿਰਦੇਸ਼ਕ ਦੀ ਮਨਜ਼ੂਰੀ ਲੈ ਕੇ ਛਾਪਿਆ ਗਿਆ।